A1 Roofing & Siding Ltd.
·ROOFING ·SIDING ·SOFFIT ·STUCCO ·HARDIE ·FASCIA ·EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ
Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 284 Website : www.punjabiakhbaar.ca Email: editor@punjabiakhbaar.ca Friday, 23 January 2026

### ਕੈਨੇਡਾ ਅਤੇ ਚੀਨ ਵਿਚਾਲੇ ਵਪਾਰ ਸਮਝੌਤਾ ਹੋਇਆ

# ਕੈਨੋਲਾ 'ਤੇ ਟੈਰਿਫ਼ ਘਟਾਉਣ ਬਦਲੇ ਹਜ਼ਾਰਾਂ ਚੀਨੀ ਇਲੈਕਟ੍ਰਿਕ ਵਾਹਨਾਂ ਨੂੰ ਕੈਨੇਡਾ ਆਉਣ ਦੀ ਮਿਲੇਗੀ ਆਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਲਿਬਰਲ ਸਰਕਾਰ ਨੇ ਚੀਨ ਨਾਲ ਇੱਕ ਅਹਿਮ ਵਪਾਰ ਸਮਝੌਤਾ ਕੀਤਾ ਹੈ।ਇਸ ਸਮਝੌਤੇ ਤਹਿਤ ਕੈਨੇਡੀਅਨ ਬਾਜ਼ਾਰ ਵਿੱਚ 49,000 ਚੀਨੀ ਇਲੈਕਟ੍ਰਿਕ ਵਾਹਨਾਂ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ, ਜਿਨ੍ਹਾਂ 'ਤੇ 6.1 ਫ਼ੀਸਦੀ ਟੈਰਿਫ਼ ਲੱਗੇਗਾ। ਇਸ ਦੇ ਬਦਲੇ ਵਿੱਚ, ਚੀਨ ਮਾਰਚ ਤੱਕ ਕੈਨੇਡਾ ਦੇ ਕੈਨੋਲਾ 'ਤੇ ਲੱਗੇ ਟੈਰਿਫ਼ ਘਟਾ ਕੇ 15 ਫ਼ੀਸਦੀ ਕਰ ਦੇਵੇਗਾ।ਇਸ ਤੋਂ ਇਲਾਵਾ, ਮਾਰਚ ਤੋਂ ਲੈ ਕੇ ਘੱਟੋ-ਘੱਟ 2026 ਦੇ ਅੰਤ ਤੱਕ ਚੀਨ ਕੈਨੇਡਾ ਦੇ ਕੈਨੋਲਾ ਮੀਲ, ਲੌਬਸਟਰ, ਕਰੈਬ ਅਤੇ ਮਟਰਾਂ 'ਤੇ ਕੋਈ ਟੈਰਿਫ਼ ਨਹੀਂ ਲਗਾਏਗਾ।ਬੀਜਿੰਗ ਵਿੱਚ ਕਾਰਨੀ ਨੇ ਕਿਹਾ ਕਿ ਇਹ ਸੌਦਾ ਸ਼ੁਰੂਆਤੀ ਪਰ ਮੀਲ ਪੱਥਰ ਹੈ ਅਤੇ ਇਹ ਦੁਨੀਆ ਦੇ ਮੌਜੂਦਾ ਹਾਲਾਤ ਦੇ ਅਨੁਕੂਲ ਹੈ। ਇਹ ਸਮਝੌਤਾ ਕੈਨੇਡਾ ਅਤੇ ਚੀਨ ਦੇ ਰਿਸ਼ਤਿਆਂ ਵਿੱਚ ਇੱਕ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਕਾਰਨੀ ਨੇ ਕਿਹਾ ਕਿ ਹਾਲ ਹੀ ਵਿੱਚ ਚੀਨ ਦਾ ਰਵੱਈਆ ਭਰੋਸੇਯੋਗ ਰਿਹਾ ਹੈ ਅਤੇ ਚੀਨ ਨਾਲ ਹੋਈਆਂ ਚਰਚਾਵਾਂ ਵਾਜਿਬ ਅਤੇ ਸਤਿਕਾਰ ਨਾਲ ਭਰੀਆਂ ਸਨ। ਕਾਰਨੀ ਦਾ ਕਹਿਣਾ ਹੈ ਕਿ ਚੀਨ ਅਮਰੀਕਾ ਨਾਲੋਂ ਵਧੇਰੇ ਅੰਦਾਜ਼ੇ ਅਨੁਸਾਰ ਵਰਤਾ-ਕਰਨ ਵਾਲਾ ਸਾਥੀ ਹੈ।ਵਰਨਣਯੋਗ ਹੈ ਕਿ ਕਈ ਸਾਲਾਂ ਤੋਂ ਕੈਨੇਡਾ ਅਤੇ ਚੀਨ ਦੇ ਰਿਸ਼ਤੇ ਤਣਾਅ ਭਰੇ ਰਹੇ ਹਨ ਅਤੇ ਦੋਵੇਂ ਪਾਸਿਆਂ ਵੱਲੋਂ ਇਕ ਦੂਜੇ 'ਤੇ ਟੈਰਿਫ ਲਗਾਉਣ ਆਮ ਗੱਲ ਬਣੀ ਹੋਈ ਸੀ। ਖਾਸ ਕਰਕੇ ਵਾਹਨਾਂ ਦਾ ਮਾਮਲਾ ਕਾਫ਼ੀ ਵਿਵਾਦਿਤ ਰਿਹਾ ਹੈ। ਪਿਛਲੀ ਲਿਬਰਲ ਸਰਕਾਰ ਨੇ 2024 ਵਿੱਚ ਚੀਨ ਵਿੱਚ ਬਣੇ ਇਲੈਕਟ੍ਰਿਕ ਵਾਹਨਾਂ 'ਤੇ 100 ਫ਼ੀਸਦੀ ਟੈਰਿਫ ਲਾ ਦਿੱਤੇ ਸਨ। ਇਸ ਦੇ ਜਵਾਬ ਵਿੱਚ ਚੀਨ ਨੇ ਕੈਨੇਡਾ ਦੇ ਖੇਤੀਬਾੜੀ ਉਤਪਾਦਾਂ ਅਤੇ ਸਮੁੰਦਰੀ ਭੋਜਨ'ਤੇ ਟੈਰਿਫ਼ ਲਗਾ ਦਿੱਤੇ ਸਨ।ਹੁਣ ਚਰਚਾਵਾਂ ਇਹ ਵੀ ਹਨ ਕਿ ਜੇ ਕੈਨੇਡਾ ਚੀਨ ਦੀਆਂ ਬਣੇ ਵਾਹਨਾਂ ਲਈ ਆਪਣਾ ਬਾਜ਼ਾਰ ਖੋਲ੍ਹਦਾ ਹੈ, ਤਾਂ ਇਸ ਨਾਲ ਕੈਨੇਡਾ ਦੇ ਆਪਣੇ ਆਟੋਮੋਟਿਵ ਉਦਯੋਗ ਨੂੰ ਨੁਕਸਾਨ ਪਹੁੰਚ ਸਕਦਾ ਹੈ। ਪਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਕਹਿਣਾ ਹੈ ਕਿ ਉਹ ਚੀਨ ਨਾਲ ਇੱਕ ਅਜਿਹਾ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਨਵੀਆਂ ਗਲੋਬਲ ਹਕੀਕਤਾਂ ਦੇ ਅਨੁਸਾਰ ਹੋਵੇ। ਇਹ ਹਕੀਕਤਾਂ ਮੁੱਖ ਤੌਰ 'ਤੇ


ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਮੁਲਾਕਾਤ ਦੀ ਤਸਵੀਰ।

ਅਮਰੀਕੀ ਰਾਸ਼ਟਰਪਤੀ ਡੌਨਲਡ ਨੇ ਪੈਦਾ ਕੀਤੀਆਂ ਹਨ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਕਾਰਨੀ ਨੇ ਬਾਰ-ਬਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਕੈਨੇਡਾ ਨੂੰ ਅਮਰੀਕਾ 'ਤੇ ਨਿਰਭਰਤਾ ਘਟਾ ਕੇ ਆਪਣੇ ਵਪਾਰ ਨੂੰ ਹੋਰ ਦੇਸ਼ਾਂ ਵੱਲ ਫੈਲਾਉਣਾ ਚਾਹੀਦਾ ਹੈ। ਇਸ ਦਾ ਕਾਰਨ ਇਹ ਹੈ ਕਿ ਟਰੰਪ ਅਮਰੀਕਾ ਪਹਿਲਾਂ ਨੀਤੀ ਤਹਿਤ ਕਈ ਟੈਰਿਫ਼ ਲਗਾ ਰਹੇ ਹਨ, ਜਿਨ੍ਹਾਂ ਵਿੱਚ ਕੈਨੇਡਾ ਦੇ ਉਤਪਾਦਾਂ 'ਤੇ ਲੱਗੇ ਟੈਰਿਫ਼ ਵੀ ਸ਼ਾਮਲ ਹਨ।

**ਓਨਟੇਰਿਓ ਪ੍ਰੀਮੀਅਰ ਨੇ ਸਮਝੌਤੇ 'ਤੇ ਚਿੰਤਾ ਜਤਾਈ:** ਓਨਟੇਰਿਓ ਪ੍ਰੀਮੀਅਰ ਡਗ ਫ਼ੋਰਡ ਨੇ ਇਸ ਇਲੈਕਟ੍ਰਿਕ ਵਾਹਨਾਂ ਵਾਲੇ ਸਮਝੌਤੇ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਹਨਾਂ ਨੇ ਲਿਖਿਆ ਕਿ ਇਸ ਸਮਝੌਤੇ ਨਾਲ ਚੀਨ ਨੂੰ ਕੈਨੇਡਾ ਦੇ ਬਾਜ਼ਾਰ ਵਿੱਚ ਇੱਕ ਪੱਕੀ ਜਗ੍ਹਾ ਮਿਲ ਜਾਵੇਗੀ ਅਤੇ ਚੀਨ ਕੈਨੇਡਾ ਦੇ ਕਾਮਿਆਂ ਦੀ ਕੀਮਤ 'ਤੇ ਇਸ ਸਮਝੌਤੇ ਦਾ ਫ਼ਾਇਦਾ ਉਠਾਏਗਾ। ਫ਼ੋਰਡ ਨੇ ਲਿਖਿਆ ਕਿ ਚੀਨ ਸਸਤੇ ਵਾਹਨਾਂ ਨਾਲ ਕੈਨੇਡਾ ਦੇ ਆਟੋ ਬਾਜ਼ਾਰ ਨੂੰ ਭਰ ਦੇਵੇਗਾ ਅਤੇ ਇਸ ਵਿਚ ਕੈਨੇਡਾ ਦੀ ਅਰਥਵਿਵਸਥਾ ਵਿੱਚ ਨਿਵੇਸ਼ ਕਰਨ ਦੀ ਕੋਈ ਪੱਕੀ ਗਾਰੰਟੀ ਵੀ ਨਹੀਂ ਹੈ। ਉਹਨਾਂ ਇਹ ਵੀ ਕਿਹਾ ਕਿ ਇਹ ਸਮਝੌਤਾ ਕੈਨੇਡਾ ਅਤੇ ਅਮਰੀਕਾ ਦੇ ਰਿਸ਼ਤਿਆਂ ਲਈ ਵੀ ਖ਼ਤਰਾ ਬਣ ਸਕਦਾ ਹੈ। ਫ਼ੋਰਡ ਅਨੁਸਾਰ, ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫ਼ ਘਟਾਉਣ ਨਾਲ ਇਹ ਸਮਝੌਤਾ ਹੋਰ ਵੀ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ, ਕਿਉਂਕਿ ਇਸ ਨਾਲ ਕੈਨੇਡਾ ਦੇ ਆਟੋ ਨਿਰਮਾਤਿਆਂ ਲਈ ਅਮਰੀਕੀ ਬਾਜ਼ਾਰ ਦੇ ਦਰਵਾਜ਼ੇ ਬੰਦ ਹੋਣ ਦਾ ਖ਼ਤਰਾ ਹੈ। ਉਹਨਾਂ ਕਿਹਾ ਕਿ ਅਮਰੀਕਾ ਕੈਨੇਡਾ ਦਾ ਸਭ ਤੋਂ ਵੱਡਾ ਨਿਰਯਾਤ ਬਾਜ਼ਾਰ ਹੈ, ਅਤੇ ਜੇ ਉੱਥੇ ਪਹੁੰਚ ਘੱਟੀ ਤਾਂ ਇਸ ਨਾਲ ਅਰਥਵਿਵਸਥਾ ਨੂੰ ਨੁਕਸਾਨ ਹੋਵੇਗਾ ਅਤੇ ਨੌਕਰੀਆਂ ਵੀ ਖਤਮ ਹੋ ਸਕਦੀਆਂ ਹਨ। ਫ਼ੋਰਡ ਨੇ ਮਾਰਕ ਕਾਰਨੀ ਨੂੰ ਅਪੀਲ ਕੀਤੀ ਕਿ ਉਹ ਓਨਟੇਰਿਓ ਦੇ ਆਟੋ ਉਦਯੋਗ ਦੇ ਹੱਕ ਵਿੱਚ ਮਜ਼ਬੂਤੀ ਨਾਲ ਅੱਗੇ ਆਉਣ, ਕਿਉਂਕਿ ਅਮਰੀਕਾ ਨਾਲ ਚੱਲ ਰਹੀ ਵਪਾਰਕ ਜੰਗ ਕਾਰਨ ਇਹ ਉਦਯੋਗ ਪਹਿਲਾਂ ਹੀ ਕਾਫ਼ੀ ਨੁਕਸਾਨ ਝੱਲ ਚੁੱਕਾ ਹੈ। ਪ੍ਰੀਮੀਅਰ ਡੱਗ ਫੋਰਡ ਚੀਨ ਦੇ ਇਲੈਕਟਰੀਕਲ ਵਹੀਕਲਜ਼ ਉਦਯੋਗ ਦੇ ਲੰਮੇ ਸਮੇਂ ਤੋਂ ਆਲੋਚਕ ਰਹੇ ਹਨ।

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
Affinity CABINETS
Closets
Wet Bars
Book Shelving
Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ
ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਲੋਹੜੀ ਮਨਾਉਂਦਿਆਂ ਨਵੇਂ ਸਾਲ ਨੂੰ ਜੀ ਆਇਆਂ ਆਖਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਦਸ ਜਨਵਰੀ ਨੂੰ ਐਜਮੌਂਟ ਕਮਿਊਨਿਟੀ ਸੈਂਟਰ ਵਿਖੇ ਲੋਹੜੀ ਦਾ ਤਿਉਹਾਰ ਵੰਨ-ਸਵੰਨੇ ਰੰਗ-ਬਰੰਗੇ ਢੰਗ ਨਾਲ਼ ਮਨਾਇਆ। ਸਾਰਿਆਂ ਨੂੰ ਆਉਂਦਿਆਂ ਨੂੰ ਹੀ ਸਵਾਦਿਸ਼ਟ ਭੋਜਨ ਵਰਤਾਇਆ ਗਿਆ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨਵੇਂ ਸਾਲ ਅਤੇ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ। ਮੰਗਲ ਹਠੂਰ ਦਾ ਇੱਕ ਗੀਤ ਗਾ ਕੇ ਸੁਣਾਇਆ। ਇਸ ਮਗਰੋਂ ਸਾਰੀ ਕਾਰਵਾਈ ਨੂੰ ਤਰਤੀਬ ਨਾਲ਼ ਚਲਾਇਆ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਮਹਿਮਾਨਾਂ ਅਤੇ ਮੈਂਬਰਾਂ ਦਾ ਸੁਆਗਤ ਕੀਤਾ। ਲੋਹੜੀ ਮੌਕੇ ਪਿੰਡਾਂ ਦੇ ਪੁਰਾਣੇ ਰਸਮੋ-ਰਿਵਾਜਾਂ ਅਤੇ ਹਾਲਾਤ ਉਪਰ ਝਾਤ ਪੁਆਈ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਵੱਡੇ ਪਰਿਵਾਰਾਂ ਦੇ ਸਾਰੇ ਜੀਅ ਇਕੱਠੇ ਰਹਿੰਦੇ ਸੀ, ਸਾਰਾ ਪਿੰਡ ਇੱਕੋ ਥਾਂ ਲੋਹੜੀ ਪਾਉਂਦਾ ਸੀ, ਵੱਡਿਆਂ ਦਾ ਸਤਿਕਾਰ ਅਤੇ ਆਪਸੀ ਸਾਂਝ ਹੁੰਦੀ ਸੀ ਪਰ ਅੱਜ ਦੇ ਹਾਲਾਤ ਵਿੱਚ ਸਹੂਲਤਾਂ ਅਤੇ ਸੁਖ-ਆਰਾਮ ਦੇ ਏਨੇ ਵਸੀਲੇ ਪ੍ਰਾਪਤ ਹਨ ਕਿ ਸਾਨੂੰ ਖੁੱਲ੍ਹ ਕੇ ਜ਼ਿੰਦਗੀ ਮਾਨਣੀ ਚਾਹੀਦੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਜਿੰਨਾਂ ਹੋ ਸਕੇ, ਜਿਸ ਤਰ੍ਹਾਂ ਹੋ ਸਕੇ, ਲੋੜਵੰਦਾਂ ਨੂੰ ਦਾਨ ਕਰ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਸੁਖਮੰਦਰ ਗਿੱਲ ਨੇ ਨਵਾਂ ਸਾਲ ਇੱਕ ਹੋਰ ਮੁਬਾਰਕ- ਗੀਤ ਸੁਨਾਉਣ ਤੋਂ ਮਗਰੋਂ ਰਵਾਇਤੀ ਛੱਲਾ ਨੂੰ ਕਈ ਵੰਨਗੀਆਂ ਦੇ ਰ਼ਲਾਅ ਨਾਲ਼ ਪੇਸ਼ ਕਰ ਕੇ ਪ੍ਰਤਿਭਾ ਦਾ ਸਬੂਤ ਦਿੱਤਾ। ਅਮਰਜੀਤ ਕੌਰ ਪਲਾਹਾ ਨੇ ਜਗਦੇਵ ਸਿੱਧੂ ਦੀ ਲੋਹੜੀ ਬਾਰੇ ਤਾਜ਼ਾ ਲਿਖੀ ਨਜ਼ਮ ਦਾ ਮੁਹਾਰਤ ਨਾਲ਼ ਉਚਾਰਨ ਕਰ ਕੇ ਲੋਹੜੀ ਨੂੰ ਅੱਜ ਦੇ ਸੰਦਰਭ ਵਿਚ ਪੇਸ਼ ਕੀਤਾ - ਆਉ ਵੀਰੋ ਆਉ ਭੈਣੋ 'ਕੱਠੇ ਹੋ ਕੇ ਲੋਹੜੀ ਪਾਈਏ, ਆਉ ਕਿਸੇ ਪਿੰਡੀ ਦੇ ਵਿੱਚੋਂ ਦੁੱਲਾ ਭੱਟੀ ਲੱਭ ਲਿਆਈਏ, ਨਵੇਂ ਜੰਮਿਆਂ ਧੀ ਪੁੱਤਰਾਂ ਲਈ ਦੁਨੀਆਂ ਨਵੀਂ ਵਸਾ ਕੇ ਜਾਈਏ। ਸੁਰਜੀਤ ਕੌਰ ਕੰਮੋਹ ਨੇ ਗੀਤ - ਕੁੱਟ ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਨੀਆਂ - ਗਾਉਣ ਮਗਰੋਂ ਲੋਹੜੀ ਦੀਆਂ ਬੋਲੀਆਂ ਪਾਈਆਂ। ਪ੍ਰਾਈਮ ਏਸ਼ੀਆ ਟੀ ਵੀ ਤੋਂ ਪਰਮਵੀਰ ਬਾਠ ਨੇ ਆ ਰਹੇ ਚੁਣੌਤੀਆਂ ਭਰੇ ਸਾਲ ਵਿੱਚ ਇਨ੍ਹਾਂ ਦਾ ਟਾਕਰਾ ਕਰਨ ਦੀ ਗੱਲ ਕਹੀ। ਪਵਨ ਵੋਹਰਾ ਦਾ ਗੀਤ - ਨਿੱਤ ਸੋਹਣਿਆਂ ਮੈਂ ਖ਼ੈਰ ਮੰਗਾਂ ਤੇਰੀ, ਦੂਆ ਨਾ ਕੋਈ ਹੋਰ ਮੰਗਦੀ - ਦਰਸ਼ਕਾਂ ਨੂੰ ਕੀਲ ਗਿਆ। ਵਿਨੋਦ ਕੁਮਾਰੀ ਦੁਆਰਾ ਮਧੁਰ ਆਵਾਜ਼ ਤੇ ਕਮਾਲ ਦੀ ਤਰੰਨਮ ਵਿਚ ਗਾਇਆ ਗੀਤ ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਪਾ ਗਏ, ਦੂਰ ਦੂਰ ਜਾਂਦੇ ਜਾਂਦੇ ਨੇੜੇ ਨੇੜੇ ਆ ਗਏ- ਦਰਸ਼ਕਾਂ ਦੇ ਮਨਾਂ ਅੰਦਰ ਸੁਰਾਂ ਦੀ ਝਰਨਾਹਟ ਛੇੜ ਗਿਆ ।

> **ਆਉ ਵੀਰੋ ਆਉ ਭੈਣੋ 'ਕੱਠੇ ਹੋ ਕੇ ਲੋਹੜੀ ਪਾਈਏ,**
> **ਆਉ ਕਿਸੇ ਪਿੰਡੀ ਦੇ ਵਿੱਚੋਂ ਦੁੱਲਾ ਭੱਟੀ ਲੱਭ ਲਿਆਈਏ**

ਬੰਗਲਾ ਦੇਸ਼ ਮੂਲ ਦੀ ਅਤੇ ਮਾਊਂਟ ਰੋਇਲ ਯੂਨੀਵਰਿਟੀ ਦੀ ਡਾ: ਰੀਟਾ ਕਰਮਾਕਰ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਦੋ ਫ਼ਿਲਮੀ ਗੀਤ ਗਾ ਕੇ ਇਨ੍ਹਾਂ ਦੇ ਮੂਲ-ਗਾਇਕਾਂ ਨੂੰ ਵੀ ਮਾਤ ਪਾ ਦਿੱਤਾ - ਹਮੇਂ ਔਰ ਜੀਨੇ ਕੀ ਚਾਹਤ ਨ ਹੋਤੀ, ਅਗਰ ਤੁਮ ਨ ਹੋਤੇ - ਸਾਗਰ ਕਿਨਾਰੇ ਦਿਲ ਯੇਹ ਪੁਕਾਰੇ। ਮਾਊਂਟ ਰੋਇਲ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੈਲਗਰੀ ਨਾਲ ਸੰਬੰਧਤ ਬੰਗਲਾ ਦੇਸ਼ ਮੂਲ ਦੀ ਹੀ ਡਾ: ਜੇਬੂਨੇਸਾ ਚਾਪੋਲਾ ਦੀ ਟੀਮ ਦੀਆਂ ਹੋਣਹਾਰ ਲੜਕੀਆਂ , ਪ੍ਰੋਰਥਨਾ, ਪ੍ਰੋਕ੍ਰਿਤੀ ਅਤੇ ਪ੍ਰਿਥੀਬੀ ਦੱਤਾ ਨੇ ਬੰਗਲਾ ਦੇਸ਼ ਦੇ ਕੌਮੀ ਕਵੀ ਕਾਜ਼ੀ ਨਜ਼ਰੁਲ ਇਸਲਾਮ ਦੁਆਰਾ ਬੰਗਲਾ ਭਾਸ਼ਾ ਵਿੱਚ ਲਿਖਿਆ ਕੌਮੀ ਤਰਾਨਾ - ਸ਼ੂਕਨੋ ਪਾਤਰ ਨੂਪੁਰ ਪਾਯੇ - ਗਾ ਕੇ ਤਰੱਨੁਮ ਦਾ ਅਦੁੱਤੀ ਮਾਹੌਲ ਸਿਰਜ ਦਿੱਤਾ। ਇਸੇ ਜਗਤ-ਪ੍ਰਸਿੱਧ ਕਵੀ ਦੇ ਦੂਸਰੇ ਬੰਗਲਾ ਗੀਤ - ਰੁਮ ਝੁਮ ਰੁਮ ਝੁਮ - ਉਪਰ ਪ੍ਰੋਰਥਨਾ ਅਤੇ ਪ੍ਰੋਕ੍ਰਿਤੀ ਦੱਤਾ ਨੇ ਕਮਾਲ ਦੀਆਂ ਮੁਦਰਾਵਾਂ, ਅਦਾਵਾਂ ਅਤੇ ਦਿਲ-ਖਿੱਚਵੇਂ ਅੰਦਾਜ਼ ਰਾਹੀਂ ਨ੍ਰਿਤ ਕਰ ਕੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਬੰਗਲਾ ਗੀਤਾਂ ਅਤੇ ਨ੍ਰਿਤ-ਕਲਾ ਦੀ ਅਦਭੁਤ ਪੇਸ਼ਕਾਰੀ ਕਲਾ-ਪ੍ਰੇਮੀਆਂ ਦੀ ਜਗਿਆਸਾ ਲਈ ਹੈਰਾਨੀ-ਜਨਕ ਸੀ। ਇਨ੍ਹਾਂ ਕਲਾਕਾਰਾਂ ਨੂੰ ਚਿੰਨ੍ਹਾਤਮਕ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ। ਸੁਰਿੰਦਰ ਢਿੱਲੋਂ ਨੇ "ਡਾਚੀ ਵਾਲਿਆ ਮੋੜ ਮੁਹਾਰ ਵੇ" ਦੀ ਪੇਸ਼ਕਾਰੀ ਰਾਹੀਂ ਵਧੀਆ ਗਾਇਕੀ ਦਾ ਸਬੂਤ ਦਿੱਤਾ। ਡਾ: ਸੇਵਾ ਸਿੰਘ ਪ੍ਰੇਮੀ ਨੇ ਕਵਿਤਾ ਰਾਹੀਂ ਨਵੇਂ ਸਾਲ ਲਈ ਸ਼ੁਭ ਇੱਛਾਵਾਂ ਭੇਟ ਕੀਤੀਆਂ। ਕਰਮ ਸਿੰਘ ਭੁੱਲਰ ਨੇ ਚੁਟਕਲਾ ਸੁਨਾਉਣ ਮਗਰੋਂ ਗੀਤ "ਇਸ ਚੰਨ ਦੇ ਵਾਪਸ ਆਉਣ ਦਾ ਇੰਤਜ਼ਾਰ ਕਰਾਂਗਾ ਮੈਂ" ਪੇਸ਼ ਕੀਤਾ। ਸੁਖਦੇਵ ਬੈਂਸ ਨੇ ਲੋਹੜੀ ਅਤੇ ਨਵੇਂ ਸਾਲ ਦੀਆਂ ਵਧਾਈਆਂ ਪਰੋਸਣ ਨਾਲ਼ ਉਸਾਰੂ ਵਿਚਾਰ ਰੱਖੇ। ਸਟੇਟ ਬੈਂਕ ਆਫ਼ ਇੰਡੀਆ, ਕੈਲਗਰੀ ਦੇ ਮੈਨੇਜਰ ਵਿਵੇਕ ਦ੍ਵਿਵੇਦੀ ਨੇ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਪ੍ਰਤੀ ਜਾਣਕਾਰੀ ਦਿੱਤੀ। ਜਸਪ੍ਰੀਆ ਜੌਹਲ ਦੀ ਟੀਮ ਦੀਆਂ ਕਲਾਕਾਰ ਲੜਕੀਆਂ ਨੇ ਰਿਵਾਇਤੀ ਪਰਾਂਤਾਂ ਲੈ ਕੇ ਲੋਹੜੀ ਦੀਆਂ ਬੋਲੀਆਂ 'ਤੇ ਕੋਰੀ?ਗ੍ਰਾਫ਼ੀ ਕੀਤੀ ਅਤੇ ਲੋਕ-ਬੋਲੀਆਂ "ਵੀਰ ਘਰ ਪੁੱਤ ਜੰਮਿਆਂ, ਬਾਪੂ ਮੱਝੀਆਂ ਦੇ ਸੰਗ਼ਲ ਫੜਾਵੇ, - ਸੱਸ ਮੇਰੀ ਨਿੱਤ ਪੁਛਦੀ, ਤੇਰਾ ਬਾਪੂ ਮਿਲਣ ਨੀਂ ਆਇਆ"ਉਪਰ ਗਿੱਧਾ ਪਾ ਕੇ ਹਾਲ ਨੂੰ ਗੂੰਜਣ ਲਾ ਦਿੱਤਾ । ਅਖੀਰ ਵਿੱਚ ਔਰਤ ਮੈਂਬਰਾਂ ਨੇ ਜਾ ਪਿੜ ਮੱਲਿਆ, ਗਿੱਧਾ ਪਾ ਕੇ, ਨੱਚ ਕੇ, ਧਮੱਚੜ ਪਾ ਕੇ ਡੰਝਾਂ ਲਾਹ ਲਈਆਂ। ਸੁਰਿੰਦਰਜੀਤ ਪਲਾਹਾ ਨੇ ਸਾਰੇ ਮਹਿਮਾਨ ਕਲਾਕਾਰਾਂ, ਉੱਘੇ ਮੀਡੀਆ ਕਰਮੀ ਹਰਬੰਸ ਬੁੱਟਰ ਅਤੇ ਪਰਮਵੀਰ ਬਾਠ ਸਮੇਤ ਸਮੂਹ ਹਾਜ਼ਰੀਨ ਦਾ ਤਹਿ ਦਿਲੋਂ ਸ਼ੁਕਰੀਆ ਕੀਤਾ। ਭਲਾ ਇਹ ਕਿਵੇਂ ਹੋ ਸਕਦਾ ਸੀ ਕਿ ਲੋਹੜੀ ਮੌਕੇ ਰਿਉੜੀਆਂ ਤੇ ਮੂੰਗਫ਼ਲੀ ਨਾ ਹੋਵੇ, ਸਭ ਨੂੰ ਪੈਕਟ ਦੇ ਕੇ ਵਿਦਾ ਕੀਤਾ ਗਿਆ। ਚਾਰ ਘੰਟੇ ਚੱਲਿਆ ਰੰਗਾ-ਰੰਗ ਪ੍ਰੋਗਰਾਮ ਚਿਰਾਂ ਤਾਈਂ ਚੇਤਿਆਂ ਵਿਚ ਰਹੇਗਾ।






The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 284 Website : www.punjabiakhbaar.ca Email: editor@punjabiakhbaar.ca Friday, 23 January 2026


# ਨਾਮਵਰ ਕਾਰੋਬਾਰੀ ਦਾ ਗੋਲੀਆਂ ਮਾਰ ਕੇ ਕਤਲ

## ਮਰਨ ਵਾਲੇ ਦੀ ਪਛਾਣ 46 ਸਾਲਾ ਬਲਜਿੰਦਰ ਉਰਫ਼ ਬਿੰਦਰ ਗਰਚਾ ਵੱਜੋਂ ਹੋਈ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਬੀਸੀ ਦੇ ਸਰੀ ਸ਼ਹਿਰ ਵਿਚ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਵਿਅਕਤੀ ਦੀ ਪਛਾਣ ਬਲਜਿੰਦਰ 'ਬਿੰਦਰ' ਸਿੰਘ ਗਰਚਾ ਵੱਜੋਂ ਹੋਈ ਹੈ।ਬਲਜਿੰਦਰ 'ਬਿੰਦਰ' ਸਿੰਘ ਗਰਚਾ ਸਰੀ ਦਾ ਨਾਮਵਰ ਕਾਰੋਬਾਰੀ ਸੀ। ਪੁਲਿਸ ਵੱਲੋਂ ਮਿਲੀ ਜਾਣਕਾਰੀ ਅਨਸਾਰ ਗਰਚਾ ਦੀ ਲਾਸ਼ ਸਰੀ ਪੁਲਿਸ ਨੂੰ ਉਸ ਦਿਨ ਦੁਪਹਿਰੇ 176 ਸਟ੍ਰੀਟ ਦੇ 3500 ਬਲੌਕ 'ਤੇ ਮੋਰਗਨ ਕ੍ਰੀਕ ਮੈਡੋਜ਼ ਫ਼ਾਰਮ ਦੇ ਨੇੜੇ ਮਿਲੀ ਸੀ। ਬਿੰਦਰ ਗਰਚਾ ਇੱਥੇ ਆਊਟਡੋਰ ਵੈਡਿੰਗ ਵੈਨਿਊ ਚਲਾਉਂਦਾ ਸੀ। ਤਿੰਨ ਬੱਚਿਆਂ ਦੇ ਪਿਤਾ ਬਿੰਦਰ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਘਟਨਾ ਸਬੰਧੀ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਘਟਨਾ ਸਥਾਨ ਤੋਂ 5 ਕਿਲੋਮੀਟਰ ਦੂਰ 40 ਐਵਨਿਊ ਦੇ 18900 ਬਲੌਕ ਲਾਗੇ ਇੱਕ ਸਾੜੀ ਗਈ ਕਾਰ ਮਿਲੀ ਹੈ ਜੋ ਇਸ ਘਟਨਾ ਨਾਲ ਜੁੜੀ ਜਾਪਦੀ ਹੈ। ਇੰਟੀਗ੍ਰੇਟੇਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (IHIT) ਨੇ ਕਿਹਾ ਕਿ ਉਹ ਮੰਨਦੇ ਹਨ ਕਿ ਗਰਚਾ ਦੀ ਮੌਤ ਚੱਲ ਰਹੀ ਗੈਂਗ ਵਾਰ ਨਾਲ ਜੁੜੀ ਹੋਈ ਨਹੀਂ ਹੈ। ਪਿਛਲੇ ਛੇ ਦਿਨਾਂ ਵਿੱਚ ਸਰੀ ਅਤੇ ਐਬਟਸਫੋਰਡ ਵਿੱਚ ਗੈਂਗ ਨਾਲ ਜੁੜੇ ਦੋ ਵਿਅਕਤੀਆਂ ਦਾ ਕਤਲ ਹੋ ਚੁੱਕਾ ਹੈ। IHIT ਦੇ ਮੀਡੀਆ ਅਧਿਕਾਰੀ, ਸੁੱਖੀ ਢੇਸੀ ਨੇ ਕਿਹਾ, ਜਾਂਚ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ। ਅਸੀਂ ਉਨ੍ਹਾਂ ਹਾਲਾਤ ਨੂੰ ਸਮਝਣ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਾਂ ਜਿਨ੍ਹਾਂ ਕਾਰਨ ਸ੍ਰੀ ਗਰਚਾ ਦੀ ਮੌਤ ਹੋਈ। ਜੇ ਕਿਸੇ ਵਿਅਕਤੀ ਨੂੰ ਵੀ ਇਸ ਬਾਰੇ ਜੋਈ ਜਾਣਕਾਰੀ ਹੈ ਤਾਂ ਉਹ ਕਿਰਪਾ ਕਰਕੇ ਅੱਗੇ ਆ ਕੇ ਜਾਂਚਕਰਤਾਵਾਂ ਨਾਲ ਗੱਲ ਕਰੇ। ਵਰਨਣਯੋਗ ਹੈ ਕਿ ਬਿੰਦਰ ਗਰਚਾ ਦੇ ਸਰੀ ਵਿੱਚ ਕਈ ਕਾਰੋਬਾਰ ਸਨ, ਜਿਨ੍ਹਾਂ ਵਿੱਚ ਇੱਕ ਇਨਡੋਰ ਬੈਂਕੁਇਟ ਹਾਲ, ਲਿਮੋ ਸਰਵਿਸ ਅਤੇ ਫਿਲਮ ਕੰਪਨੀ ਸ਼ਾਮਿਲ ਹਨ। ਬਿੰਦਰ ਗਰਚਾ ਦੇ ਦੋਸਤਾਂ ਅਤੇ ਸਹਿਕਰਮੀਆਂ ਨੇ ਕਿਹਾ ਕਿ ਉਹ ਇੱਕ ਚੰਗਾ ਵਿਅਕਤੀ ਸੀ ਜਿਸਦਾ ਕੋਈ ਦੁਸ਼ਮਣ ਨਹੀਂ ਸੀ। ਪਰ ਕਿਸੇ ਨੇ ਵੀ ਆਪਣੀ ਪਛਾਣ ਨਸ਼ਰ ਕਰਨ ਦੀ ਸਹਿਮਤੀ ਨਹੀਂ ਦਿੱਤੀ। ਸਰੀ ਸ਼ਹਿਰ ਤੋਂ ਇਲਾਵਾ ਵੀ ਪੂਰੇ ਕੈਨੇਡਾ ਭਰ ਅੰਦਰ ਸਾਊਥ ਏਸ਼ੀਅਨ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜਬਰਨ ਵਸੂਲੀ ਨਾਲ ਜੁੜੀ ਹਿੰਸਾ ਵਿੱਚ ਵਾਧਾ, ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਹਾਲਾਂਕਿ ਪੁਲਿਸ ਨੇ ਇਹ ਨਹੀਂ ਦੱਸਿਆ ਹੈ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਗਰਚਾ ਦਾ ਕਤਲ ਜਬਰਨ ਵਸੂਲੀ ਨਾਲ ਸਬੰਧਤ ਹੈ ਜਾਂ ਨਹੀਂ। ਸਰੀ ਪੁਲਿਸ ਅਨੁਸਾਰ, 2026 ਵਿੱਚ ਹੀ ਸ਼ਹਿਰ ਵਿੱਚ 16 ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਦੀ ਰਿਪੋਰਟ ਕੀਤੀ ਗਈ ਹੈ, ਜਿਸ ਵਿੱਚ ਕਿੰਗ ਜੌਰਜ ਬੁਲੇਵਾਰਡ 'ਤੇ ਇੱਕ ਕਾਰੋਬਾਰ 'ਤੇ ਗੋਲੀਆਂ ਚੱਲਣ ਦੀ ਘਟਨਾ ਵੀ ਸ਼ਾਮਿਲ ਹੈ। 2025 ਵਿੱਚ, ਸਰੀ ਵਿੱਚ ਕੁੱਲ 132 ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਹੋਈਆਂ, ਜਿਨ੍ਹਾਂ ਵਿੱਚੋਂ 49 ਵਿਚ ਗੋਲੀਬਾਰੀ ਵੀ ਕੀਤੀ ਗਈ।






















# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ 2026 ਦੀ ਪਲੇਠੀ ਮੀਟਿੰਗ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਸ ਸੈਂਟਰ ਵਿਖੇ 18 ਜਨਵਰੀ ਦਿਨ ਐਤਵਾਰ ਨੂੰ ਭਰਵੀਂ ਹਾਜ਼ਰੀ ਵਿੱਚ ਹੋਈ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਸਾਰੀਆਂ ਦਾ ਤਹਿ ਦਿਲੋਂ ਸਵਾਗਤ ਕੀਤਾ। ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਜੀ ਨੇ 16 ਫਰਵਰੀ ਦਿਨ ਸੋਮਵਾਰ ( ਫੈਮਲੀ ਡੇ ) ਵਾਲੇ ਦਿਨ "ਲੋਕ ਕੀ ਕਹਿਣਗੇ" ਦੇ ਬੈਨਰ ਹੇਠ ਫ਼ਾਲਕੋਨਰਿਜ ਕਮਿਊਨਿਟੀ ਹਾਲ ਵਿਖੇ ਕਰਵਾਏ ਜਾ ਰਹੇ ਪ੍ਰੋਗਰਾਮ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਇਹ ਪ੍ਰੋਗਰਾਮ 11।00 ਵਜੇ ਸ਼ੁਰੂ ਹੋਵੇਗਾ ,ਜਿਸ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿੱਚ ਸਰੋਤਿਆਂ ਦੀ ਲੇਖਕਾਂ ਅਤੇ ਕਿਤਾਬਾਂ ਨਾਲ ਮੁਲਾਕਾਤ ਕਰਵਾਈ ਜਾਵੇਗੀ ਅਤੇ ਸਭਾ ਦੇ ਦਸਾਂ ਸਾਲਾਂ ਦੇ ਇਸ ਸੁਹਾਵਨੇ ਸਫ਼ਰ ਦੀਆਂ ਫੋਟੋਆਂ ਨੂੰ ਸਲਾਈਡਾਂ ਰਾਹੀਂ ਦ੍ਰਿਸ਼ਟਮਾਨ ਕੀਤਾ ਜਾਵੇਗਾ। ਸੀਨੀਅਰਜ਼ ਸਸ਼ਕਤੀਕਰਨ ਬਾਰੇ ਗੱਲ ਬਾਤ ਹੋਵੇਗੀ ਅਤੇ ਯੰਗਸਤਾਨ ਵੱਲੋਂ ਕੁਇਜ਼ ਪ੍ਰੋਗਰਾਮ ਵਿੱਚ ਬਜ਼ੁਰਗਾਂ ਅਤੇ ਬੱਚਿਆਂ ਵਿਚਲੇ ਫ਼ਾਸਲੇ ਨੂੰ ਕਿਵੇਂ ਘਟਾਇਆ ਜਾਵੇ, ਬਾਰੇ ਸੁਆਲ ਜਵਾਬ ਹੋਣਗੇ। ਇਸ ਸਬੰਧੀ ਇੱਕ ਸਕਿੱਟ ਕਰਵਾ ਕੇ ਸਰੋਤਿਆਂ ਦਾ ਮਨੋਰੰਜਨ ਵੀ ਕੀਤਾ ਜਾਵੇਗਾ। ਨਵੀਆਂ ਆਈਆਂ ਭੈਣਾਂ ਨਾਲ ਜਾਣ ਪਛਾਣ ਕਰਵਾਈ ਜਿਨ੍ਹਾਂ ਵਿੱਚ ਵੀਰਪਾਲ ਕੌਰ ਮੁਹਾਲੀ, ਸੁਰਿੰਦਰ ਕੌਰ ਕੰਗ ਅਤੇ ਉਸ ਦੀ ਪੰਜ ਸਾਲਾਂ ਦੀ ਪੋਤੀ ਰਹਿਮਤ, ਪ੍ਰਿਅੰਕਾ ਅਤੇ ਅਮਰਜੀਤ ਕੌਰ ਥਰੀਕੇ ਸ਼ਾਮਲ ਸਨ।

ਗੁਰਦੀਸ਼ ਕੌਰ ਗਰੇਵਾਲ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਵਿਤਾ ਸੁਣਾਈ। ਮੁਖਤਿਆਰ ਕੌਰ ਧਾਲੀਵਾਲ, ਪ੍ਰਿੰਸੀਪਲ ਚਰਨਦੀਪ ਕੌਰ ਅਤੇ ਜੁਗਿੰਦਰ ਪੁਰਬਾ ਨੇ ਲੋਹੜੀ ਦੇ ਗੀਤ ਗਾਏ। ਬਲਦੇਵ ਕੌਰ, ਹਰਜੀਤ ਕੌਰ ਜੌਹਲ, ਸੁਰਿੰਦਰ ਕੌਰ ਗਿੱਲ, ਅਮਰਜੀਤ ਸੱਗੂ ਅਤੇ ਬਲਵੀਰ ਕੌਰ ਗਰੇਵਾਲ ਨੇ ਲੋਕ ਗੀਤ ਗਾ ਕੇ ਰੌਣਕਾਂ ਲਾ ਦਿੱਤੀਆਂ।ਇੰਦੂ ਸ਼ਰਮਾ ਨੇ ਭਾਵੇਂ ਬੂਟ ਪਾਲਸ਼ਾਂ ਕਰੀਏ ਗਾਣੇ ਤੇ ਡਾਂਸ ਕਰਕੇ ਰੰਗ ਬੰਨ੍ਹ ਦਿੱਤਾ।ਕਿਰਨ ਕਲਸੀ ਨੇ ਸ਼ੈਕਸਪੀਅਰ ਦੇ ਲਿਖੇ ਟੋਟਕੇ ਸੁਣਾਏ। ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਫ਼ 42 ਸਾਲ ਦੀ ਉਮਰ ਵਿਚ ਉਹ ਮਹਾਨ ਕਾਰਨਾਮੇ ਕਰ ਦਿਖਾਏ ਜੋ ਪੂਰੀ ਦੁਨੀਆ ਵਿੱਚ ਅੱਜ ਤੱਕ ਵੀ ਕੋਈ ਨਹੀਂ ਕਰ ਸਕਿਆ। ਅਖੀਰ ਵਿੱਚ ਉਨ੍ਹਾਂ ਨੇ ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ। ਸਭਾ ਵੱਲੋਂ ਦੁਪਹਿਰ ਦਾ ਖਾਣਾ ਅਤੇ ਚਾਹ ਦਾ ਪ੍ਰਬੰਧ ਬਹੁਤ ਵਧੀਆ ਸੀ।












ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store | Play Store



# ਅਰਪਨ ਲਿਖਾਰੀ ਸਭਾ ਦੀ ਮੀਟਿੰਗ ਸਰਬੰਸ ਦਾਨੀ ਦਸ਼ਮੇਸ ਪਿਤਾ ਦੇ ਪਰਿਵਾਰ ਅਤੇ ਚਾਲ਼ੀ ਮੁਕਤਿਆਂ ਨੂੰ ਸਮਰਪਿਤ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਅਰਪਨ ਲਿਖਾਰੀ ਸਭਾ ਦੀ ਨਵੇਂ ਸਾਲ ਦੀ ਪਲੇਠੀ ਮੀਟਿੰਗ ਜਸਵੰਤ ਸਿੰਘ ਸੇਖੋਂ, ਪ੍ਰੋ। ਸੁਖਵਿੰਦਰ ਸਿੰਘ ਥਿੰਦ ਅਤੇ ਬੀਬੀ ਗੁਰਚਰਨ ਕੌਰ ਥਿੰਦ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ। ਸੂਰੂ ਵਿੱਚ ਕੁੱਝ ਸੋਗੀ ਖ਼ਬਰਾਂ ਜਿਹਨਾਂ ਵਿੱਚ ਨਾਮਵਰ ਵਿਦਵਾਨ ਸਾਹਿਤਕਾਰ ਕਿਰਪਾਲ ਸਿੰਘ ਕਸੇਲ, ਜੈਤੇਗ ਸਿੰਘ ਅੰਨਤ ਅਤੇ ਕੈਲਗਰੀ ਦੇ ਪੰਜਾਬੀ ਭਾਈਚਾਰੇ ਵਿੱਚ ਜਾਣੇ ਪਹਿਚਾਣੇ ਭੰਗੜੇ ਦੇ ਕੋਚ ਅਤੇ ਪ੍ਰੋ: ਦਲਜਿੰਦਰ ਸਿੰਘ ਜੌਹਲ ਦੇ ਵਿਛੋੜੇ ਦੀਆਂ ਵੀ ਸਾਂਝੀਆਂ ਕੀਤੀਆਂ। ਸਭਾ ਵੱਲੋਂ ਵਿਛੜੀਆਂ ਰੂਹਾਂ ਲਈ ਇੱਕ ਮਿੰਟ ਦਾ ਮੋਨਧਾਰ ਕੇ ਪਰਿਵਾਰਾਂ ਨਾਲ ਦੱਖ ਸਾਂਝਾ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਜਸਵੰਤ ਸਿੰਘ ਸੇਖੋਂ ਨੇ ਕ੍ਰਿਪਾਲ ਸਿੰਘ ਕਸੇਲ ਦੀ ਸਾਹਿਤਕ ਦੇਣ ਅਤੇ ਜੀਵਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਪ੍ਰੋ: ਦਲਜਿੰਦਰ ਸਿੰਘ ਜੌਹਲ ਅਤੇ ਜੈਤੇਗ ਸਿੰਘ ਅੰਨਤ ਦੇ ਜੀਵਨ ਅਤੇ ਸਾਹਿਤਕ ਦੇਣ ਬਾਰੇ ਬੀਬੀ ਗੁਰਚਰਨ ਕੌਰ ਅਤੇ ਸਤਨਾਮ ਸਿੰਘ ਢਾਅ ਨੇ ਸਾਹਿਤਕ ਅਤੇ ਫੋਟੋਗ੍ਰਫ਼ੀ ਕਲਾ ਬਾਰੇ ਚਾਨਣਾ ਪਾਉਂਦਿਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।ਸਤਨਾਮ ਸ਼ੇਰਗਿੱਲ ਨੇ ਪ੍ਰੋ: ਜੌਹਲ ਦੀ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾ਼ਲ ਜੋੜੀ ਰੱਖਣ ਲਈ ਵਿਸ਼ੇਸ਼ ਯੋਗਦਾਨ ਬਾਰੇ ਚਾਨਣਾ ਪਾਇਆ ਅਤੇ ਮਾਘੀ ਦਿਵਸ 'ਤੇ ਚਾ਼ਲੀ ਮੁਕਤਿਆਂ



ਦੀ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮਛ ਸੰਚਾਲਨ ਕਰ ਰਹੀ ਬਲਜਿੰਦਰ ਕੌਰ ਮਾਂਗਟ ਨੇ ਸਤਿੰਦਰ ਸਿੰਘ ਨੂਰ ਦੀ ਲਿਖੀ ਕਵਿਤਾ ਪੇਸ਼ ਕਰਕੇ ਸਿੱਖੀ ਵਿੱਚ ਆਏ ਨਿਘਾਰਾਂ ਦੀ ਗੱਲ ਕੀਤੀ। ਉਨ੍ਹਾਂ ਚਾ਼ਲੀ ਮੁਕਤਿਆਂ ਨੂੰ ਵੀ ਯਾਦ ਕੀਤਾ । ਕਿਰਨਜੋਤ ਕੌਰ ਹੁੰਝਣ,ਪ੍ਰਿੰਸੀਪਲ ਬਲਦੇਵ ਸਿੰਘ ਦੁੱਲਟ,ਸੋਹਣ ਸਿੰਘ ਭੁੱਚੋ, ਡਾ: ਜੋਗਾ ਸਿੰਘ,ਹਰਮਿੰਦਰਪਾਲ ਸਿੰਘ,ਸੁਖਵਿੰਦਰ ਸਿੰਘ ਤੂਰ,ਪੈਰੀ ਮਾਹਲ।ਇੰਜੀ: ਜ਼ੀਰ ਸਿੰਘ ਬਰਾੜ,ਮਾ: ਬਲਵਿੰਦਰ ਸਿੰਘ ਮਾਨ,ਸਰੂਪ ਸਿੰਘ ਮੰਡੇਰ,ਡਾ: ਮਨਮੋਹਨ ਸਿੰਘ ਬਾਠ,ਜੈ ਸਿੰਘ ਉੱਪਲ, ਜਸਵੰਤ ਸਿੰਘ ਸੇਖੋਂ, ਪਰਮਜੀਤ ਸਿੰਘ ਭੰਗ,ਨੇ ਮੰਚ ਉਪਰੋਂ ਹਾਜਿਰੀ ਲਗਵਾਈ। ਸਤਨਾਮ ਸਿੰਘ ਢਾਅ ਨੇ ਪਾਰਸ ਜੀ ਦੀ ਪਹਿਲੀ ਰਿਕਾਰਡ ਹੋਈ ਬਹੁਤ ਹੀ ਮਕਬੂਲ ਰਚਨਾ 'ਕਿਉਂ ਫੜੀ ਸਿਪਾਈਆਂ ਨੇ, ਭੈਣੋ ਇਹ ਹੰਸਾਂ ਦੀ ਜੋੜੀ' ਉਸ ਸਮੇਂ ਦਾ ਦਰਦ ਮਈ ਸੀਨ ਪੇਸ਼ ਕੀਤਾ ਕਵੀਸ਼ਰੀ ਰੰਗ ਪੇਸ਼ ਕੀਤੀ। ਗੁਰਚਰਨ ਕੌਰ ਥਿੰਦ ਨੇ ਜਾਣਕਾਰੀ ਸਾਂਝੀ ਕੀਤੀ ਕਿ 'ਕੈਲਗਿਰੀ ਵੋਮਿਨ ਕਲਚਰਲ ਐਸੋਸੀਏਸ਼ਨ' ਵੱਲੋਂ ਇੱਕ ਪ੍ਰੋਗਰਾਮ ਫਰਵਰੀ ਵਿੱਚ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਨੇ ਕੈਲਗਿਰੀ ਦੀਆਂ ਸਾਹਿਤਕ ਸੰਸਥਾਵਾਂ ਨੂੰ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਅੰਤ ਵਿੱਚ ਜਸਵੰਤ ਸਿੰਘ ਸੇਖੋਂ ਨੇ ਆਏ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਲੋਹੜੀ ਦੇ ਤਿਉਹਾਰ ਦੀ ਵਧਾਈ ਦਿੰਦਿਆ ਸਭਾ ਵੱਲੋਂ ਮੂੰਗਫਲੀ ਤੇ ਰਿ-ੜੀਆਂ ਦੇ ਬੈਗ ਹਾਜ਼ਰੀਨ ਨੂੰ ਵੰਡੇ ਗਏ।

# ਰਾਜਾ ਨਾਭ ਕੰਵਲ ਸਾਹਿਬ ਦੇ ਡੇਰੇ 'ਚ ਮਰਿਯਾਦਾ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ: ਗਿ. ਰਘਬੀਰ ਸਿੰਘ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਿਟ ਬਣਨ ਤੋਂ ਪਹਿਲਾਂ ਜਦੋਂ ਐਫਆਈਆਰ ਦਰਜ ਹੋਈ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਦੀ ਸਚਾਈ ਸੰਗਤ ਦੇ ਸਾਹਮਣੇ ਆਉਂਣੀ ਚਾਹੀਦੀ ਹੈ। ਪਿਛਲੇ ਦਿਨੀਂ ਜੋ ਰਾਜਾ ਨਾਭ ਕੰਵਲ ਸਾਹਿਬ ਦੇ ਡੇਰੇ ਵਿਖੇ ਪਤਾ ਲੱਗਾ ਕਿ ਮਰਿਆਦਾ ਸਹੀ ਢੰਗ ਦੇ ਨਾਲ ਨਹੀਂ ਨਿਭਾਈ ਜਾ ਰਹੀ ਅਤੇ ਉਥੋਂ 169 ਦੇ ਕਰੀਬ ਪਾਵਨ ਸਰੂਪ ਸਿਟ ਨੇ ਨਿਸ਼ਾਨਦਈ ਕੀਤੇ ਹਨ। ਜਿਥੇ ਮਰਿਆਦਾ ਨਹੀਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਸਿੰਘ ਸਾਹਿਬ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਸਾਰੀ ਸੰਗਤ ਮੰਨਦੀ ਹੈ। ਕਿਥੇ ਵੀ ਸਰੂਪ ਦੇਣ ਤੋਂ ਪਹਿਲਾਂ ਪ੍ਰਚਾਰ ਵੱਲੋਂ ਜਾਂਚ ਕੀਤੀ ਜਾਂਦੀ ਹੈ ਕਿ ਕਿਥੇ ਪ੍ਰਕਾਸ਼ ਕੀਤਾ ਜਾ ਸਕਦਾ ਜਾ ਨਹੀਂ ਕੀਤਾ ਜਾ ਸਕਦਾ। ਪਾਵਨ ਸਰੂਪ ਦੇਣ ਤੋਂ ਪਹਿਲਾਂ ਉਸ ਜਗ੍ਹਾ ਦਾ ਜਾ ਕੇ ਮੁਆਇਨਾ ਕੀਤਾ ਜਾਂਦਾ ਕਿ ਇਹ ਜਗ੍ਹਾ ਤੇ ਪ੍ਰਕਾਸ਼ ਹੋ ਸਕਦਾ ਜਾਂ ਨਹੀਂ ਹੋ ਸਕਦਾ। ਇਥੇ ਕਿਹੜੀਆਂ ਕਮੀਆਂ ਹਨ ਜਾਂ ਕਿਸ ਦੀ ਜਰੂਰਤ ਹੈ, ਕੀ ਕਰਨਾ ਚਾਹੀਦਾ ਹੈ ਕੀ ਨਹੀਂ ਕਰਨਾ ਚਾਹੀਦਾ, ਇਹ ਸਾਰਾ ਇੱਕ ਵਿਧੀ ਵਿਧਾਨ ਹੈ ਉਸ ਵਿਧੀ ਵਿਧਾਨ ਦੇ ਮੁਤਾਬਿਕ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਗੁਰੂ ਸਾਹਿਬ ਦੇ ਅਦਬ ਸਤਿਕਾਰ ਦਾ ਮਾਮਲਾ ਹੈ, ਜੇਕਰ ਅਦਬ ਸਤਿਕਾਰ ਵਿਚ ਕਮੀ ਹੈ, ਜਿੱਥੇ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ ਉਥੇ ਬਿਲਕੁਲ ਵੀ ਪਾਵਨ ਸਰੂਪ ਨਹੀਂ ਦੇਣੇ ਚਾਹੀਦੇ ਅਤੇ ਗੁਰੂ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ। ਇਸ ਮਾਮਲੇ ਵਿਚ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

SUPERVISA
Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Pii Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਕਿਉਂ ਨਾ ਮਨੁੱਖੀ ਜਾਨਾਂ ਦੀਆਂ ਡੋਰਾਂ ਕੱਟਣ ਵਾਲੀ ਪਤੰਗ ਦੀ ਹੀ ਡੋਰ ਕੱਟ ਦਿੱਤੀ ਜਾਵੇ

ਹੁਣ ਠੰਡ ਖਤਮ ਹੋਣ ਤੇ ਪਤੰਗਾਂ ਉਡਾਣ ਦੀ ਰੁੱਤ ਆਉਣੀ ਹੈ, ਚਾਇਨਾ ਡੋਰ ਦਾ ਰੌਲਾ ਪੈਣਾ ਹੈ, ਫਿਰ ਚਾਇਨਾ ਡੋਰ ਦੇ ਜਖਮੀ ਕੀਤਿਆਂ, ਪਤੰਗ ਉਡਾਉਣ ਸਮੇਂ ਕੋਠਿਆਂ ਤੋਂ ਡਿੱਗਦਿਆਂ, ਹਾਈ ਬੋਲਟ ਬਿਜਲੀ ਦੀਆਂ ਤਾਰਾਂ ਨਾਲ ਪਤੰਗਾਂ ਦੀਆਂ ਡੋਰਾਂ ਲੱਗਣ ਨਾਲ ਵਾਪਰੇ ਹਾਦਸਿਆਂ ਦੀਆਂ ਕਹਾਣੀਆਂ ਅਖਬਾਰਾਂ ਲਈ ਖਬਰਾਂ ਸ਼ੋਸਲ ਮੀਡੀਏ ਲਈ ਪੋਸਟਾਂ ਬਣ ਕੇ ਕਮਾਈ ਦਾ ਸਾਧਨ ਬਣਨਗੀਆਂ, ਬਦਨਸੀਬ ਲੋਕ ਹਾਦਸਿਆਂ ਦਾ ਸ਼ਿਕਾਰ ਹੋਣਗੇ, ਬਾਕੀ ਦੇ ਕੁੱਝ ਲੋਕ ਪਤੰਗਾਂ ਤੋਂ, ਕੁੱਝ ਲੋਕ ਚਾਇਨਾ ਡੋਰ ਤੋਂ ਅਤੇ ਕੁੱਝ ਲੋਕ ਹਾਦਸਿਆਂ ਦੀਆਂ ਖਬਰਾਂ/ਪੋਸਟਾਂ ਤੋਂ ਕਮਾਈ ਕਰਨਗੇ, ਸਰਕਾਰਾਂ ਦੋਸ਼ੀਆਂ ਉਤੇ ਸਖਤ ਕਾਰਵਾਈ ਕਰਨ ਦੇ ਬਿਆਨ ਦੇ ਕੇ ਹੀ ਇਹ ਸਿੱਧ ਕਰਨਗੀਆਂ ਕਿ ਸਾਨੂੰ ਆਮ ਲੋਕਾਂ ਦੀ ਜਾਨ ਦੀ ਬਹੁਤ ਪ੍ਰਵਾਹ ਹੈ, ਸਾਨੂੰ ਹਾਦਸਿਆਂ ਤੋਂ ਬਚਾਉਣ ਵਾਲੀ ਦੇਸ਼ ਦੀ ਪੁਲਿਸ ਕੁੱਝ ਕੁ ਦੁਕਾਨਦਾਰਾਂ ਤੇ ਪਰਚੇ ਦਰਜ ਕਰਕੇ ਬਾਕੀਆਂ ਤੋਂ ਮੋਟੀ ਕਮਾਈ ਕਰਦਿਆਂ ਲੋਕਾਂ ਨੂੰ ਚਾਇਨਾ ਡੋਰ ਨਾ ਵਰਤਣ ਦੇ ਉਪਦੇਸ਼ ਦਿੰਦੀ ਸਾਡੀ ਸੁਰੱਖਿਆ ਲਈ ਹਾਜਰ ਆਪਣੇ ਫਰਜ਼ ਨਿਭਾਉਂਦੀ ਨਜ਼ਰ ਆਵੇਗੀ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਹੇਗਾ, ਹਰ ਸਾਲ ਪਤੰਗ ਉਡਣਗੇ, ਚਾਇਨਾ ਡੋਰ ਵਿਕੇਗੀ, ਰਾਹਗੀਰਾਂ ਦੇ ਗਲੇ ਕੱਟੇਗੀ, ਪੰਛੀਆਂ ਦੇ ਪੰਖਾਂ ਵਿੱਚ ਲਿਪਟੇਗੀ, ਬੱਚੇ ਕੋਠਿਆਂ ਤੋਂ ਡਿੱਗਕੇ ਅਤੇ ਡੋਰਾਂ ਹਾਈ ਬੋਲਟ ਬਿਜਲੀ ਦੀਆਂ ਤਾਰਾਂ ਨਾਲ ਲੱਗਣ ਕਾਰਨ ਮਰਨਗੇ, ਪਰ ਸਾਨੂੰ ਕੀ ਅਸੀਂ ਤਾਂ ਹਰ ਸਾਲ ਆਪਣੀ ਖੁਸ਼ੀ ਮਨਾਉਣੀ ਹੀ ਹੈ ਇਹ ਤਾਂ ਖੁਸ਼ੀਆਂ ਦਾ ਪ੍ਰਤੀਕ ਤਿਉਹਾਰ ਹੈ ਭਾਵੇਂ ਇਸ ਨਾਲ ਕਿਸੇ ਦੇ ਘਰ ਸੱਥਰ ਵੀ ਵਿਛ ਜਾਣ। ਪਤੰਗਾਂ ਉਡਾਉਣ ਅਤੇ ਪਤੰਗਾਂ ਕੱਟਣ (ਲੁੱਟਣ) ਵਾਲਿਆਂ ਨੂੰ ਇਸ ਮਾੜੀ ਖੇਡ ਵਿੱਚੋਂ ਕੀ ਮਿਲਦਾ ਹੈ ਇਹ ਤਾਂ ਓਹੀ ਦੱਸ ਸਕਦੇ ਹਨ ਪਰ ਇਹਨਾ ਪਤੰਗਾਂ ਨੇ ਕਿੰਨਿਆਂ ਰਾਹਗੀਰਾਂ, ਬੱਚਿਆਂ ਅਤੇ ਪੰਛੀਆਂ ਦੀ ਜਿੰਦਗੀ ਦੀਆਂ ਡੋਰਾਂ ਕੱਟ ਦਿੱਤੀਆਂ ਹਨ ਉਹ ਹਰ ਸਾਲ ਸੱਭ ਦੇ ਸਾਹਮਣੇ ਹੀ ਆਉਂਦੀਆਂ ਹਨ। ਕੀ ਆਮ ਰਾਹਗੀਰਾਂ, ਬੱਚਿਆਂ ਅਤੇ ਜਾਨਵਰਾਂ ਦੀ ਜਾਨ ਦਾ ਖੌਅ ਬਣੇ ਇਹਨਾ ਪਤੰਗਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਕੇ ਇਹਨਾ ਉਤੇ ਪੂਰਨ ਤੌਰ ਤੇ ਪਾਬੰਦੀ ਨਹੀਂ ਲਗਾਈ ਜਾ ਸਕਦੀ ? ਇਹ ਪਤੰਗ ਨਾ ਉਡਾਉਣ ਕਾਰਨ ਸਾਡੇ ਦੇਸ਼ ਜਾਂ ਸਮਾਜ ਦੀ ਕਿਹੜੀ ਵਿਵਸਥਾ ਦਾ ਨੁਕਸਾਨ ਹੋ ਜਾਵੇਗਾ, ਜਿਸ ਕਾਰਨ ਮਨੁੱਖੀ ਜਾਨਾ ਗੁਆ ਕੇ ਵੀ ਪਤੰਗ ਉਡਦੇ ਰੱਖਣੇ ਲਾਜ਼ਮੀ ਹੋਣ ? ਕਰੋਨਾ ਕਾਲ ਸਮੇਂ ਸਾਰੇ ਦੇਸ਼ ਨੂੰ ਘਰਾਂ ਵਿੱਚ ਨਜ਼ਰਬੰਦ ਕਰਨ ਵਾਲੀਆਂ ਸਰਕਾਰਾਂ ਪਤੰਗਾਂ ਨੂੰ ਕਿਉਂ ਨਹੀਂ ਬੰਦ ਕਰ ਸਕਦੀਆਂ ?

ਜੇ ਪਤੰਗ ਉਡਾਉਣ ਉੱਤੇ ਹੀ ਪਾਬੰਦੀ ਲਗਾ ਦਿੱਤੀ ਜਾਵੇ ਤਾਂ ਚਾਇਨਾ ਡੋਰ ਦੀ ਸਮੱਸਿਆ ਤਾਂ ਆਪਣੇ ਆਪ ਹੀ ਖਤਮ ਹੋ ਜਾਵੇਗੀ, ਚਾਇਨਾ ਡੋਰ ਦੇ ਨਾਮ ਤੇ ਹੁੰਦੀ ਕਾਲਾਬਜ਼ਾਰੀ ਵੀ ਖਤਮ, ਰਾਹਗੀਰ, ਬੱਚੇ ਅਤੇ ਅਸਮਾਨ ਵਿੱਚ ਉਡਣ ਵਾਲੇ ਪੰਛੀ ਵੀ ਸੁਰੱਖਿਅਤ ਹੋ ਜਾਣਗੇ, ਨਾਲੇ ਪਤੰਗ ਉਡਾਉਣ ਵਾਲੇ ਤਾਂ ਫੜਨੇ ਵੀ ਬਹੁਤ ਸੌਖੇ ਹਨ, ਕਿਉਂਕਿ ਪਤੰਗ ਨੇ ਤਾਂ ਅਸਮਾਨ ਵਿੱਚ ਹੀ ਉਡਣਾ ਹੈ, ਜੋ ਸਭ ਨੂੰ ਦਿਸੇਗਾ, ਅਸਮਾਨ ਵਿੱਚ ਉਡਦਾ ਪਤੰਗ ਪੁਲਿਸ ਨੂੰ ਆਪਣੇ ਉਡਾਉਣ ਵਾਲੇ ਨੂੰ ਮਿਲਾ ਦੇਵੇਗਾ, ਫਿਰ ਪਤੰਗ ਉਡਾਉਣ ਵਾਲਾ ਡੋਰ ਵੇਚਣ ਵਾਲੇ ਨੂੰ ਮਿਲਾ ਦੇਵੇਗਾ ਇਸ ਤਰਾਂ ਸਾਰੇ ਝੱਟ ਹੀ ਫੜੇ ਜਾਣਗੇ। ਨਾਲੇ ਸਾਡੇ ਲਈ ਮਨੁੱਖ ਦੀ ਜਾਨ ਤੋਂ ਵੱਧ ਕੀਮਤੀ ਤਾਂ ਕੁੱਝ ਵੀ ਨਹੀਂ ਹੈ, ਇਹਨਾ ਅਸਮਾਨ ਵਿੱਚ ਉਡਣ ਵਾਲੇ ਪਤੰਗਾਂ ਨੇ ਕਿੰਨੀਆਂ ਮਨੁੱਖੀ ਜਾਨਾਂ ਦੀਆਂ ਡੋਰਾਂ ਕੱਟ ਦਿੱਤੀਆਂ ਹਨ, ਕਿਉਂ ਨਾ ਸਰਕਾਰਾਂ ਅਤੇ ਅਸੀਂ ਰਲ ਕੇ ਇਹਨਾਂ ਪਤੰਗਾਂ ਦੀ ਹੀ ਡੋਰ ਕੱਟ ਦੇਈਏ, ਦੇਸ਼ ਦੇ ਚੰਗੇ ਨਾਗਰਿਕ ਹੋਣ ਦੇ ਨਾਮ ਤੇ ਸਾਡੀ ਵੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਤੋਂ ਰੋਕੀਏ, ਤਾਂ ਕਿ ਮਨੁੱਖਾਂ ਅਤੇ ਪੰਛੀਆਂ ਦੀਆਂ ਜਾਨਾਂ ਬਚਾਈਆਂ ਜਾ ਸਕਣ, ਜੋ ਪਰੰਪਰਾ ਮਨੁੱਖਤਾ ਲਈ ਹਾਨੀਕਾਰਕ ਸਿੱਧ ਹੋ ਜਾਵੇ ਤਾਂ ਮਨੁੱਖਤਾ ਦੇ ਭਲੇ ਲਈ ਉਸ ਪਰੰਪਰਾ ਨੂੰ ਬਿਨਾ ਦੇਰ ਕੀਤਿਆਂ ਬੰਦ ਕਰਨ ਵਿੱਚ ਹੀ ਭਲਾਈ ਹੈ।



ਹਰਲਾਜ ਸਿੰਘ ਬਹਾਦਰਪੁਰ
ਮੋਬਾਇਲ-94170-23911












# ਸੁਪਨਿਆਂ ਅਤੇ ਹਕੀਕਤ ਦਰਮਿਆਨ



ਗੁਰਮੀਤ ਸਿੰਘ ਪਲਾਹੀ
9815802070




ਬਹੁਤ ਚੰਗਾ ਲੱਗਦਾ ਹੈ ਉਦੋਂ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣ ਜਾਵੇਗਾ। ਬਹੁਤ ਚੰਗੀ ਲੱਗਦੀ ਹੈ ਇਹ ਗੱਲ, ਇਸ ਲਈ ਕਿ ਹਰ ਭਾਰਤੀ ਨਾਗਰਿਕ ਦਾ ਇਹ ਸੁਪਨਾ ਹੈ, ਪਰ ਦੇਸ਼ ਦੇ ਸਭ ਤੋਂ ਸਾਫ਼- ਸੁਥਰੇ ਸ਼ਹਿਰ ਇੰਦੌਰ ਵਿੱਚ ਗੰਦੇ ਪਾਣੀ ਨਾਲ਼ ਲੋਕ ਮਰਦੇ ਹਨ ਤਾਂ ਇਸ ਸੁਪਨੇ 'ਤੇ ਯਕੀਨ ਕਰਨਾ ਮੁਸ਼ਕਿਲ ਹੁੰਦਾ ਹੈ।

24 ਦਸੰਬਰ 2025 ਤੋਂ 6 ਜਨਵਰੀ 2026 ਦੇ ਦਰਮਿਆਨ ਇੰਦੌਰ ਦੇ ਭਾਗੀਰਥਪੁਰ ਵਿੱਚ ਦੂਸ਼ਿਤ ਪਾਣੀ ਨਾਲ਼ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋਈ ਹੈ। ਸੈਂਕੜੇ ਹਸਪਤਾਲਾਂ 'ਚ ਪਹੁੰਚਾਉਣੇ ਪਏ। ਇਹ ਸ਼ਹਿਰ 2024-25 ਵਿੱਚ 'ਸੁਪਰ ਲੀਗ' ਵਿੱਚ ਸਭ ਤੋਂ ਸਾਫ਼ ਸ਼ਹਿਰ ਵਿੱਚੋਂ ਉਭਰਿਆ ਪਰ ਨਵੇਂ ਸਾਲ ਦੇ ਸ਼ੁਰੂ 'ਚ ਇਸ ਸਭ ਤੋਂ ਸਾਫ਼ ਸ਼ਹਿਰ ਦੇ ਤਗਮੇ ਉੱਤੇ ਸਵਾਲ ਖੜੇ ਹੋਣੇ ਸ਼ੁਰੂ ਹੋ ਗਏ ਹਨ।

ਇੰਦੌਰ ਦਾ ਇਹ ਦੁਖਾਂਤ ਜਦੋਂ ਖ਼ਬਰਾਂ 'ਚ ਆਇਆ ਹਕੀਕਤ ਸਾਹਮਣੇ ਆਈ ਕਿ ਦੇਸ਼ ਵਿੱਚ ਪਾਣੀ ਪੂਰਤੀ ਪ੍ਰਣਾਲੀ ਕਿੰਨੀ ਨਾਜ਼ੁਕ ਹੈ। ਜਨਵਰੀ 2026 ਵਿੱਚ ਗੰਦੇ ਪਾਣੀ ਦੇ ਦੂਸ਼ਿਤ ਪਾਈਪਾਂ ਦੇ ਪਾਣੀ ਨੇ 22 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਘੱਟੋ-ਘੱਟ 26 ਸ਼ਹਿਰਾਂ ਵਿੱਚ ਬਿਮਾਰੀਆਂ ਦਾ ਪ੍ਰਕੋਪ ਫੈਲਾਇਆ। ਇਹਨਾਂ ਸ਼ਹਿਰਾਂ ਵਿੱਚ 2500 ਲੋਕ ਬਿਮਾਰ ਹੋਏ ਵਿਖਾਏ ਗਏ, ਜਦ ਕਿ 34 ਲੋਕਾਂ ਦੀ ਮੌਤ ਹੋ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੁੰਦੀਆਂ ਹਨ, ਪਰ ਉਹਨਾਂ ਦੀ ਚਰਚਾ ਤੱਕ ਨਹੀਂ ਹੁੰਦੀ ਕਿਉਂਕਿ ਇਹੋ ਜਿਹੇ ਹਾਦਸੇ ਦੇਸ਼ ਦੇ ਉਹਨਾਂ 20 ਫ਼ੀਸਦੀ ਗ਼ਰੀਬ ਲੋਕਾਂ ਨਾਲ਼ ਹੁੰਦੇ ਹਨ, ਜਿਹੜੇ ਗ਼ਰੀਬ ਹਨ, ਜਿਹਨਾਂ ਦੇ ਜੀਵਨ ਉਤਨੇ ਹੀ ਬੇਹਾਲ ਹਨ, ਜਿਤਨੇ ਅਤਿ-ਗ਼ਰੀਬ ਅਫ਼ਰੀਕੀ ਦੇਸ਼ ਵਿੱਚ ਰਹਿਣ ਵਾਲੇ ਗ਼ਰੀਬ ਲੋਕਾਂ ਦੇ ਹਨ।

ਇਹ ਸ਼ਰਮਨਾਕ ਸਚਾਈ ਹੈ ਲੇਕਿਨ ਇਸਨੂੰ ਛੁਪਾਉਣ ਨਾਲ਼ ਆਪਣਾ ਦੇਸ਼ ਬਿਹਤਰ ਨਹੀਂ ਹੋਣ ਵਾਲਾ। ਤਬਦੀਲੀ ਤਦ ਆਏਗੀ, ਜਦ ਅਸੀਂ ਆਪਣੇ ਹਾਕਮਾਂ ਨੂੰ ਯਾਦ ਦਿਵਾਉਣ ਰਹਾਂਗੇ ਵਾਰ-ਵਾਰ ਕਿ ਉਹਨਾਂ ਦਾ ਧਿਆਨ ਉਹਨਾਂ ਸ਼ਹਿਰੀ ਬਸਤੀਆਂ ਵੱਲ ਜਾਣਾ ਚਾਹੀਦਾ ਹੈ ਅਤੇ ਉਹਨਾਂ ਅਤਿ-ਪਛੜੇ ਪਿੰਡਾਂ ਵੱਲ ਜੋ ਭਾਰਤ ਦੇ ਗ਼ਰੀਬ ਹਨ। ਉਹਨਾਂ ਲੋਕਾਂ ਵੱਲ ਜੋ ਪੂਰਾ ਜੀਵਨ ਫੁੱਟਪਾਥਾਂ 'ਤੇ ਗੁਜ਼ਾਰ ਦਿੰਦੇ ਹਨ ਜਾਂ ਇਹੋ-ਜਿਹੀਆਂ ਗੰਦੀਆਂ ਬਸਤੀਆਂ ਵਿੱਚ ਜਿੱਥੇ ਨਾ ਸਾਫ਼ ਪਾਣੀ ਹੁੰਦਾ ਹੈ, ਨਾ ਸਾਫ਼ ਹਵਾ, ਨਾ ਚੰਗੇ ਸਕੂਲ ਅਤੇ ਨਾ ਸਿਹਤ ਸੇਵਾਵਾਂ।

ਅੱਜ ਪ੍ਰਸ਼ਾਸਨਿਕ ਸੁਧਾਰਾਂ ਦੀ ਕੋਸ਼ਸ਼ ਸਿਰਫ਼ ਇਹ ਹੋਈ ਹੈ ਕਿ ਪਾਸਪੋਰਟ ਲੈਣਾ ਸੌਖਾ ਹੋ ਗਿਆ ਹੈ। ਬਿਜਲੀ ਦੇ ਬਿੱਲ ਭਰਨੇ ਆਸਾਨ ਹੋ ਗਏ ਹਨ। ਹੋਰ ਛੋਟੀਆਂ-ਮੋਟੀਆਂ ਸੁਵਿਧਾਵਾਂ ਦੇ ਲਈ ਸਾਨੂੰ ਵੱਡੇ ਅਧਿਕਾਰੀਆਂ ਦੇ ਸਾਹਮਣੇ ਭੀਖ ਨਹੀਂ ਮੰਗਣੀ ਪੈਂਦੀ। ਇਹਨਾਂ ਚੀਜ਼ਾਂ 'ਚ ਫ਼ਰਕ ਇਸ ਕਰਕੇ ਆਇਆ ਕਿ ਤਕਨੀਕਾਂ 'ਚ ਆਧੁਨਿਕਤਾ ਆ ਗਈ ਹੈ। ਲੇਕਿਨ ਜਿੱਥੇ ਵੀ ਆਧੁਨਿਕ ਤਕਨੀਕਾਂ ਨਾਲ਼ ਕੰਮ ਨਹੀਂ ਬਣਦਾ ਹੈ, ਉੱਥੇ ਇੰਦੌਰ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਕੀ ਇਹੋ ਜਿਹੀਆਂ ਹਾਲਤਾਂ ਵਿੱਚ ਭਾਰਤ ਅਗਲੇ 40 ਸਾਲਾਂ ਤੱਕ ਵੀ ਵਿਕਸਿਤ ਦੇਸ਼ ਬਣ ਸਕਦਾ ਹੈ?

2047 ਤੱਕ ਵਿਕਸਿਤ ਹੋਣ ਦਾ ਸੁਪਨਾ, ਹਕੀਕਤਾਂ ਤੋਂ ਬਹੁਤ ਦੂਰ ਹੈ। ਜੇਕਰ ਇਹ ਮਨ ਵੀ ਲਿਆ ਜਾਵੇ ਕਿ ਦੇਸ਼ ਵਿੱਚ ਅੰਕੜਿਆਂ ਅਨੁਸਾਰ ਗ਼ਰੀਬਾਂ ਦੀ ਗਿਣਤੀ ਘਟੀ ਹੈ ਅਤੇ ਇਹ ਕੁੱਲ ਅਬਾਦੀ ਤਾਂ 20 ਫ਼ੀਸਦੀ ਰਹਿ ਗਈ ਹੈ, ਤਦ ਵੀ ਇਸ ਤੱਥ ਤੋਂ ਅੱਖਾਂ ਕਿਵੇਂ ਮੀਟੀਏ ਕਿ ਕੁੱਲ 144 ਕਰੋੜ ਦੀ ਅਬਾਦੀ ਵਿੱਚੋਂ 80 ਕਰੋੜ ਲੋਕਾਂ ਨੂੰ ਮੁਫ਼ਤ ਸਰਕਾਰੀ ਅੰਨ ਮੁਹੱਈਆ ਕਰਨਾ ਕਿਸ ਕਿਸਮ ਦੇ ਅਰਧ ਵਿਕਸਿਤ ਦੇਸ਼ਾਂ ਦੀ ਨਿਸ਼ਾਨੀ ਹੈ? ਹਾਲੇ ਤੱਕ ਵੀ ਦੇਸ਼ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 2818 ਡਾਲਰ ਹੈ, ਜੋ ਅੰਤਰਰਾਸ਼ਟਰੀ ਪੱਧਰ ਉੱਤੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਲਗਭਗ ਸਿਫ਼ਰ ਦੇ ਮੁਕਾਬਲੇ ਹੀ ਤਾਂ ਹੈ।

ਸੰਯੁਕਤ ਰਾਸ਼ਟਰ ਅਮਰੀਕਾ, ਕੈਨੇਡਾ, ਜਪਾਨ, ਆਸਟਰੇਲੀਆ ਅਤੇ ਪੱਛਮੀ ਯੂਰਪ ਦੇਸ਼ ਵਿਕਸਿਤ ਦੇਸ਼ਾਂ ਦੀ ਉਦਾਹਰਨ ਹਨ। ਵਿਕਸਿਤ ਦੇਸ਼ ਇੱਕ ਇਹੋ-ਜਿਹਾ ਰਾਸ਼ਟਰ ਹੈ, ਜਿਸ ਦੀ ਅਰਥ ਵਿਵਸਥਾ ਮਜ਼ਬੂਤ ਹੋਵੇ, ਜਿੱਥੋਂ ਦੇ ਨਾਗਰਿਕਾਂ ਦਾ ਜੀਵਨ ਪੱਧਰ ਉੱਚਾ ਹੋਵੇ, ਉਦਯੋਗਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਜਿਸ ਦੇਸ਼ ਦੀ ਵਿਆਪਕ ਪਹੁੰਚ ਹੋਵੇ ਅਤੇ ਜੋ ਉਦਯੋਗੀਕਰਨ ਦੇ ਉੱਚੇ ਪੱਧਰ 'ਤੇ ਪਹੁੰਚਿਆ ਹੋਵੇ, ਜਿਸ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਉੱਚੀ ਅਤੇ ਜੀ.ਡੀ.ਪੀ. ਉੱਚ ਪੱਧਰ ਦੀ ਹੋਵੇ। ਵਿਸ਼ਵ ਦੇ ਸਭ ਤੋਂ ਵੱਧ ਵਿਕਸਿਤ ਦੇਸ਼ ਫਿਨਲੈਂਡ, ਸਵਿਟਜਰਲੈਂਡ ਅਤੇ ਨਾਰਵੇ ਹਨ। ਏਸ਼ੀਆ ਵਿੱਚ ਸਭ ਤੋਂ ਵਿਕਸਿਤ ਦੇਸ਼ ਸਿੰਗਾਪੁਰ ਹੈ।

ਬਿਨਾਂ ਸ਼ੱਕ ਭਾਰਤ ਦੁਨੀਆਂ ਦੀਆਂ ਪੰਜ ਉਪਰਲੀਆਂ ਅਰਥ ਵਿਵਸਥਾਵਾਂ ਵਿੱਚ ਇੱਕ ਹੈ ਅਤੇ ਇਸ ਦੀ ਜੀ.ਡੀ.ਪੀ. 7 ਪ੍ਰਤੀਸ਼ਤ ਹੈ ਜੋ ਅਮਰੀਕਾ, ਚੀਨ, ਜਰਮਨੀ ਅਤੇ ਜਪਾਨ ਨਾਲ਼ੋਂ ਕਿਤੇ ਵੱਧ ਹੈ ਪਰ ਇਹਨਾਂ ਵੱਡੇ ਅਰਥਚਾਰਿਆਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਵੀ ਭਾਰਤ ਗ਼ਰੀਬ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ। ਵਿਸ਼ਵ ਬੈਂਕ ਅਨੁਸਾਰ ਇਹ ਹਾਲੀਂ ਵੀ ਨਿਮਨ ਮੱਧ ਆਮਦਨ ਵਰਗ ਵਿੱਚ ਸ਼ਾਮਲ ਹੈ ਅਤੇ ਇਸ ਦਾ ਵਿਸ਼ਵ ਪੱਧਰੀ ਪ੍ਰਤੀ ਜੀਅ ਆਮਦਨ 137 ਵੇਂ ਸਥਾਨ 'ਤੇ ਹੈ ਅਤੇ ਭਾਰਤ ਆਮਦਨ 'ਚ ਨਾ-ਬਰਾਬਰਤਾ ਲਈ ਜਾਣਿਆ ਜਾਂਦਾ ਦੇਸ਼ ਹੈ। ਅਮੀਰ-ਗ਼ਰੀਬ ਦਾ ਇਹ ਪਾੜਾ ਦੇਸ਼ ਵਿੱਚ ਲਗਾਤਾਰ ਵੱਧ ਰਿਹਾ ਹੈ, ਜਿਹੜਾ ਅਮੀਰ ਅਰਥਚਾਰੇ ਦੇ ਹੁੰਦਿਆਂ ਸਿਹਤ, ਸਿੱਖਿਆ 'ਚ ਨਾ-ਬਰਾਬਰਤਾ ਦਾ ਵੱਡਾ ਕਾਰਨ ਹੈ।

ਭਾਵੇਂ ਕਿਸੇ ਵੀ ਦੇਸ਼ ਦੇ ਵੱਡੇ ਅਰਥਚਾਰੇ ਹੋਣ ਦਾ ਅਰਥ ਇਹ ਨਹੀਂ ਕਿ ਉਹ ਵਿਕਸਿਤ ਦੇਸ਼ ਹੈ। ਵੇਖਣ ਵਾਲੀ ਗੱਲ ਤਾਂ ਉਸ ਦੇਸ਼ ਵਿੱਚ ਇਹ ਵੀ ਹੁੰਦੀ ਹੈ ਕਿ ਉਸ ਦੇਸ਼ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਕਿੰਨੀ ਹੈ। ਇਹ ਵੀ ਕਿ ਉਸ ਦੇਸ਼ ਵਿੱਚ ਰਾਜ ਪ੍ਰਬੰਧ ਕਿਹੋ-ਜਿਹਾ ਹੈ ਤੇ ਕੀ ਉਹ ਇੱਕ ਮਜ਼ਬੂਤ ਰਾਜ ਹੈ ਅਤੇ ਵਿਸ਼ਵ ਪੱਧਰੀ ਉਸ ਦੀ ਸ਼ਾਖ਼ ਕਿਹੋ-ਜਿਹੀ ਹੈ।

ਅੱਜ ਭਾਵੇਂ ਅਸੀਂ ਅਗਲੇ ਵਰ੍ਹੇ ਜਪਾਨ, ਜਰਮਨ ਨੂੰ ਪਛਾੜ ਕੇ ਵਿਸ਼ਵ ਦਾ ਤੀਜਾ ਅਰਥਚਾਰਾ ਬਣਨ ਵੱਲ ਅੱਗੇ ਵੱਧ ਰਹੇ ਹਾਂ ਪਰ ਸਿਹਤ, ਸਿੱਖਿਆ ਸੁਵਿਧਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਦੇਸ਼ ਭਾਰਤ ਅੱਗੇ ਨਹੀਂ ਵੱਧ ਰਿਹਾ। ਕੁਦਰਤੀ ਸਰੋਤਾਂ ਨਾਲ਼ ਖਿਲਵਾੜ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਦੇਸ਼ ਭਾਰਤ ਲੋਕ ਭਲਾਈ ਹਿੱਤਾਂ ਤੋਂ ਪਾਸਾ ਵੱਟ ਰਿਹਾ ਹੈ। ਸਿਹਤ ਅਤੇ ਸਿੱਖਿਆ ਸੁਵਿਧਾਵਾਂ ਜਿਹੜੀਆਂ ਕਿ ਕਿਸੇ ਵੀ ਰਾਜ ਪ੍ਰਬੰਧ ਦਾ ਮੁੱਢਲਾ ਧੁਰਾ ਹੈ, ਉਸ ਤੋਂ ਦੇਸ਼ ਦੇ ਹਾਕਮਾਂ ਮੁੱਖ ਮੋੜ ਲਿਆ ਹੋਇਆ ਹੈ। ਭਾਵੇਂ ਕਿ ਵੱਖੋ-ਵੱਖਰੀਆਂ ਬੀਮਾ ਯੋਜਨਾਵਾਂ ਰਾਹੀਂ ਨਾਗਰਿਕਾਂ ਨੂੰ ਭਰਮਾ ਕੇ ਉਹਨਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਨਿਗੂਣੀ ਜਿਹੀ ਪੈਨਸ਼ਨ ਦੇ ਕੇ ਬੁਢਾਪਾ ਸੁਰੱਖਿਅਤ ਕਰਨ ਲਈ ਸਮਾਜਿਕ ਸੁਰੱਖਿਆ ਦੇ ਨਾਂ ਉੱਤੇ ਕੁਝ ਸੈਂਕੜੇ ਰਕਮ ਦੇਣ ਦਾ ਪ੍ਰਾਵਾਧਾਨ ਕੀਤਾ ਜਾਂਦਾ ਹੈ। ਜਦ ਕਿ ਦੇਸ਼ 'ਚ ਮਹਿੰਗਾਈ ਬੇਰੁਜ਼ਗਾਰੀ ਨੇ ਆਮ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਸੰਤੁਲਿਤ ਭੋਜਨ ਦੇਣ ਦੇ ਸਮਰੱਥ ਵੀ ਨਹੀਂ।

ਗ਼ਰੀਬੀ ਦੀ ਸਥਿਤੀ ਇਹ ਹੈ ਕਿ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਮਾਪੇ ਉਹਨਾਂ ਨੂੰ ਬਾਲ ਮਜ਼ਦੂਰੀ ਵੱਲ ਧੱਕ ਦਿੰਦੇ ਹਨ ਤਾਂ ਕਿ ਪੇਟ ਦੀ ਅੱਗ ਬੁਝਾਈ ਜਾ ਸਕੇ। ਇਸ ਸੰਬੰਧੀ ਅੰਕੜਿਆਂ ਦੀ ਜ਼ੁਬਾਨੀ ਤਸਵੀਰ ਅਤਿਅੰਤ ਭਿਆਨਕ ਨਜ਼ਰ ਆਉਂਦੀ ਹੈ। ਭਾਰਤ 'ਚ 2025 'ਚ 3 ਕਰੋੜ ਤੋਂ ਵੱਧ ਬਾਲ ਮਜ਼ਦੂਰ ਹਨ। ਰਿਪੋਰਟਾਂ ਅਨੁਸਾਰ ਪੰਜ ਸਾਲ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਹੀ 1000 ਪਿੱਛੇ 42 ਬੱਚੇ (2020 ਦਾ ਡਾਟਾ) ਸੰਤੁਲਿਤ ਭੋਜਨ ਸਿਹਤ ਸਹੂਲਤਾਂ ਦੀ ਘਾਟ, ਹਵਾ ਪ੍ਰਦੂਸ਼ਣ ਨਾਲ਼ ਮਰ ਜਾਂਦੇ ਹਨ।

ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਆਮ ਲੋਕਾਂ ਕੋਲ ਸਾਧਨਾਂ ਦੀ ਕਮੀ ਹੈ। ਉਹਨਾਂ ਕੋਲ ਰੁਜ਼ਗਾਰ ਨਹੀਂ ਹੈ। ਉਹਨਾਂ ਕੋਲ ਆਮਦਨ ਦੇ ਸਾਧਨ ਨਹੀਂ ਹਨ। ਪਿੰਡਾਂ ਸ਼ਹਿਰਾਂ 'ਚ ਭੈੜਾ ਵਾਤਾਵਰਨ ਪਸਰ ਰਿਹਾ ਹੈ। ਬੁਨਿਆਦੀ ਢਾਂਚੇ ਦੀ ਕਮੀ ਹੈ। ਇੱਥੋਂ ਤੱਕ ਕਿ ਆਮ ਆਦਮੀ ਨੂੰ ਨਾ ਪੂਰੀ ਰੋਟੀ ਮਿਲਦੀ ਹੈ, ਨਾ ਇਨਸਾਫ਼। ਸੁਚੱਜੇ ਰਾਜ ਪ੍ਰਬੰਧ ਦੀ ਕਮੀ ਅਤੇ ਸਿਆਸੀ ਖਲਾਅ ਦੇ ਚਲਦਿਆਂ ਭਾਰਤ ਆਪਣੇ ਨਾਗਰਿਕਾਂ ਨੂੰ ਉਹ ਸੁੱਖ ਸਹੂਲਤਾਂ ਨਹੀਂ ਦੇ ਸਕਿਆ, ਜਿਸ ਦੀ ਤਵੱਕੋ ਆਮ ਲੋਕਾਂ ਨੂੰ ਸੀ। ਰਾਜ ਪ੍ਰਬੰਧ, ਕਨੂੰਨ, ਲੋਕਤੰਤਰ, ਬਰਾਬਰੀ, ਇਨਸਾਫ਼ ਵਰਗੇ ਸ਼ਬਦ ਧਰਮ ਦੇ ਲਬਾਦੇ ਹੇਠ ਦਫ਼ਨ ਕਰ ਦਿੱਤੇ ਗਏ ਹਨ। ਜਿਸ ਦੇ ਸਿੱਟੇ ਵਜੋਂ ਬੇਈਮਾਨ ਸਿਆਸਤ ਉੱਭਰੀ ਹੈ। ਹੈਂਕੜਬਾਜ਼ ਸਿਆਸਤਦਾਨਾਂ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੈ। ਦੇਸ਼ ਦੇ ਕੁਦਰਤੀ ਸਾਧਨਾਂ ਦਾ ਘਾਣ ਕਰ ਕੇ, ਸਭ ਕੁਝ ਉਹਨਾਂ ਲੋਕਾਂ ਦੇ ਹੱਥ ਫੜਾ ਦਿੱਤਾ ਗਿਆ ਹੈ, ਜਿਹਨਾਂ ਲਈ ਮਨੁੱਖ ਦੇ ਬੁਨਿਆਦੀ ਹੱਕ ਕੋਈ ਅਰਥ ਨਹੀਂ ਰੱਖਦੇ। ਜਿਹੜੇ ਮਨੁੱਖ ਨੂੰ ਇੱਕ ਮਸ਼ੀਨ ਸਮਝਦੇ ਹਨ ਅਤੇ ਜਿਹੜੇ ਆਪਣੇ ਹਿੱਤਾਂ ਲਈ ਸਸਤੇ ਭਾਅ ਦੀ ਕਿਰਤ ਖ਼ਰੀਦ ਕੇ ਵੱਧ ਮੁਨਾਫ਼ਾ ਕਮਾਉਣਾ ਆਪਣਾ ਹੱਕ ਸਮਝਦੇ ਹਨ। ਸਿੱਟਾ- ਸਮਾਜ ਜਿਹੜਾ ਪ੍ਰਫੁੱਲਤ ਹੋਣਾ ਚਾਹੀਦਾ ਸੀ, ਉਹ ਸੁੰਘੜਦਾ ਜਾ ਰਿਹਾ ਹੈ ਅਤੇ ਕੁਝ ਲੋਕਾਂ ਦੇ ਰਹਿਮੋ-ਕਰਮ 'ਤੇ ਹੈ। ਦੇਸ ਦੇ ਹਾਕਮਾਂ ਵੱਲੋਂ ਵਿਕਾਸ ਦੇ ਨਾਂ ਉੱਤੇ ਕੁਦਰਤੀ ਸਾਧਨਾਂ ਸਮੇਤ ਖੇਤੀ ਜ਼ਮੀਨਾਂ 'ਤੇ ਕਬਜ਼ੇ, ਮਨੁੱਖੀ ਸੁੱਖਾਂ ਉੱਤੇ ਡਾਕਾ ਆਮ ਵੇਖਣ ਨੂੰ ਮਿਲ ਰਿਹਾ ਹੈ। ਸਿੱਟੇ ਵਜੋਂ ਦੇਸ ਭਾਰਤ ਦੇ ਲੋਕਾਂ ਦੀ ਪੀੜਾ ਵੱਧ ਰਹੀ ਹੈ। ਸਾਧਨ ਘੱਟ ਰਹੇ ਹਨ। ਇਹੋ ਜਿਹੇ ਹਾਲਾਤਾਂ 'ਚ ਵਿਕਸਿਤ ਦੇਸ ਦਾ ਸੁਪਨਾ ਸ਼ੇਖ਼ਚਿੱਲੀ ਦੇ ਸੁਪਨੇ ਵਾਂਗਰ ਦਿਖਾਈ ਦਿੰਦਾ ਹੈ।

ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਆਰਥਿਕ ਸਮਾਨਤਾ ਦਾ ਹੋਣਾ ਬੇਹੱਦ ਜ਼ਰੂਰੀ ਹੈ। ਜਦ ਤੱਕ ਨਾਗਰਿਕਾਂ ਨੂੰ ਬੁਨਿਆਦੀ ਸੁਵਿਧਾਵਾਂ ਉਪਲਬਧ ਨਹੀਂ ਹੋਣਗੀਆਂ ਤਦ ਤੱਕ ਵਿਕਾਸ ਦੇ ਸਾਰੇ ਦਾਅਵੇ ਅਧੂਰੇ ਹੀ ਸਾਬਤ ਹੋਣਗੇ।

ਦੁਨੀਆ ਭਰ ਵਿੱਚ ਆਰਥਿਕ ਅਸਮਾਨਤਾ ਵੱਧ ਰਹੀ ਹੈ। ਇਸ ਨਾਲ਼ ਆਰਥਿਕ ਅਸਥਿਰਤਾ ਵੀ ਵੱਧ ਰਹੀ ਹੈ। ਇਸ ਨਾਲ਼ ਆਮ ਵਿਅਕਤੀ ਦੀ ਸਿੱਖਿਆ, ਸਿਹਤ, ਰੁਜ਼ਗਾਰ ਜਿਹੀਆਂ ਮਨੁੱਖੀ ਜ਼ਰੂਰਤਾਂ ਤੱਕ ਪਹੁੰਚ ਵੀ ਸੀਮਤ ਹੋ ਰਹੀ ਹੈ। ਇਸ ਨਾਲ਼ ਕਮਜ਼ੋਰ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ।

ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅਮੀਰ-ਗ਼ਰੀਬ 'ਚ ਪਾੜਾ ਵੱਧ ਕਿਉਂ ਰਿਹਾ ਹੈ? ਭਾਰਤ ਵਰਗੀ ਅੱਗੇ ਵੱਧ ਰਹੀ ਅਰਥ ਵਿਵਸਥਾ ਵਿੱਚ ਇੱਕ ਰਿਪੋਰਟ ਅਨੁਸਾਰ ਦੇਸ ਦੀ ਕੁੱਲ ਜਾਇਦਾਦ ਦਾ ਕਰੀਬ 40 ਫ਼ੀਸਦੀ ਹਿੱਸਾ ਮਹਿਜ਼ ਇੱਕ ਫ਼ੀਸਦੀ ਲੋਕਾਂ ਕੋਲ ਹੈ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਦੇਸ 'ਚ ਆਰਥਿਕ ਅਸੰਤੁਲਨ ਕਿੱਥੇ ਪੁੱਜ ਚੁੱਕਾ ਹੈ। ਇਹ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਨਹੀਂ ਕਿ ਜਦ ਕਿਸੇ ਦੇਸ ਦੀ ਜਾਇਦਾਦ ਦਾ ਵੱਡਾ ਹਿੱਸਾ "ਕੁਝ ਲੋਕਾਂ" ਦੇ ਹੱਥਾਂ ਵਿੱਚ ਆ ਜਾਏਗਾ ਤਾਂ ਉਸਦਾ ਸਿੱਟਾ ਕੀ ਹੋਏਗਾ।

ਭਾਰਤ ਦੀ ਅਜਾਦੀ ਦੇ ਸੌਵੇਂ ਸਾਲ 2047 ਲਈ ਵਿਕਸਿਤ ਭਾਰਤ ਦੇ ਸੁਪਨੇ ਵੱਡੇ ਹਨ। ਦੇਸ ਨੇ ਅਬਾਦੀ 'ਤੇ ਕਾਬੂ ਪਾਉਣਾ ਹੈ, ਅਸਮਾਨਤਾ ਘਟਾਉਣੀ ਹੈ, ਰੁਜ਼ਗਾਰ ਪੈਦਾ ਕਰਨਾ ਹੈ। ਵਿਸ਼ਵ ਸ਼ਾਂਤੀ ਲਈ ਕੰਮ ਕਰਨਾ ਹੈ। ਵਿਸ਼ਵ ਪੱਧਰੀ ਵਪਾਰ ਲਈ ਨਵੇਂ ਦਿਸਹੱਦੇ ਸਿਰਜਣੇ ਹਨ। ਚੰਗੇ ਰਾਜ ਪ੍ਰਬੰਧ ਦੇ ਨਾਲ਼ ਆਤਮ ਨਿਰਭਰ ਭਾਰਤ ਦੀ ਸਥਾਪਨਾ ਕਰਨੀ ਹੈ। ਹਰ ਭਾਰਤੀ ਪਰਿਵਾਰ- ਬੱਚੇ, ਨੌਜਵਾਨ, ਬਜ਼ੁਰਗ ਸਭ ਨੂੰ ਬੁਨਿਆਦੀ ਸੁਵਿਧਾਵਾਂ ਦੇਣੀਆਂ ਹਨ। ਸੰਤੁਲਿਤ ਆਰਥਿਕ ਵਿਕਾਸ ਸਮੇਂ ਦੀ ਵੱਡੀ ਲੋੜ ਹੈ। ਅਜ਼ਾਦੀ ਦੇ 78 ਸਾਲਾਂ 'ਚ ਜੋ ਪ੍ਰਾਪਤੀਆਂ ਨਹੀਂ ਹੋ ਸਕੀਆਂ, ਗ਼ਰੀਬ-ਗੁਰਵੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੌ ਵਿਸਵੇ ਕੋਈ ਸਾਰਥਿਕ ਯਤਨ ਨਹੀਂ ਹੋਏ, ਉਹ ਪੂਰੇ ਕਰਨੇ ਹਨ। ਤਦੇ ਦੇਸ ਭਾਰਤ "ਵਿਕਸਿਤ ਭਾਰਤ" ਬਣੇਗਾ।

ਉਂਞ ਵੀ ਵਿਕਸਿਤ ਦੇਸ ਦਾ ਸੁਪਨਾ ਤੇ ਸੰਕਲਪ ਤਾਂ ਤਦੇ ਪੂਰਾ ਹੋਣ ਯੋਗ ਹੈ, ਜੇਕਰ ਰਾਜ ਵਧੀਆ ਸ਼ਾਸਨ ਦੇਵੇ, ਅਤੇ ਇਸ ਸਭ ਕੁਝ ਦੀ ਪੂਰਤੀ ਲਈ ਇਮਾਨਦਾਰਾਨਾ ਯਤਨ ਹੋਣ, ਯੋਜਨਾਵਾਂ ਹੋਣ। ਪਰ ਜੇਕਰ ਉਹਨਾਂ ਦੀ ਥਾਂ ਤੇ ਦੰਭ ਦੀ ਸਿਆਸਤ ਹੋਵੇ, ਸਖ਼ਸ਼ੀ ਉਭਾਰ ਦੀ ਖਾਹਿਸ਼ ਹੋਵੇ, ਰਾਜ ਭਾਗ ਤੇ ਕਬਜ਼ਾ ਰੱਖਣ ਦੀ ਨੀਤੀ ਹੋਵੇ ਤਾਂ ਕਿਸੇ ਵੀ ਹਾਲਾਤ 'ਚ ਇਹ ਲੋਕ-ਸੁਪਨੇ ਹਕੀਕਤ 'ਚ ਤਬਦੀਲ ਨਹੀਂ ਹੋ ਸਕਦੇ ਹਨ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
**-Editor**

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
**– ਸੰਪਾਦਕ**

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲੇ ਨੂੰ ਇਕੱਲੇ ਜਥੇਦਾਰ ਵੱਲੋਂ ਰੱਦ ਕਰਨਾ ਪੰਥਕ ਪ੍ਰਣਾਲੀ ’ਤੇ ਸਿੱਧਾ ਹਮਲਾ: ਪ੍ਰੋ. ਸਰਚਾਂਦ ਸਿੰਘ ਖਿਆਲਾ

**ਗਿਆਨੀ ਗੜਗੱਜ ਤੋਂ ਗੈਰ-ਸਿਧਾਂਤਕ ਕਾਰਵਾਈਆਂ ਬਾਰੇ ਜਵਾਬ ਤਲਬੀ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਪੱਤਰ ਰਾਹੀਂ ਕੀਤੀ ਅਪੀਲ। ਗਿਆਨੀ ਗੜਗੱਜ ਨੂੰ ਅਹੁਦੇ ਤੋਂ ਹਟਾ ਕੇ ਕਿਸੇ ਸਿਧਾਂਤਕ ਪਰਪੱਕਤਾ ਵਾਲੇ ਗੁਰਸਿੱਖ ਨੂੰ ਸਥਾਈ ਜਥੇਦਾਰ ਨਿਯੁਕਤ ਕੀਤਾ ਜਾਵੇ।**

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸਿੱਖ ਚਿੰਤਕ ਅਤੇ ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਯੂ.ਕੇ. ਨਾਲ ਸੰਬੰਧਿਤ ਮਨਵੀਰ ਸਿੰਘ ਮੰਨਾ ਪ੍ਰਤੀ ਲਗਾਈ ਗਈ ਰੋਕ ਸੰਬੰਧੀ ਜਾਰੀ ਆਦੇਸ਼ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮਨਮਰਜ਼ੀ ਨਾਲ ਹਟਾਉਣ ਨੂੰ ਪੰਥਕ ਪ੍ਰਣਾਲੀ ਨੂੰ ਢਾਹ ਲਾਉਣ ਦੇ ਬਰਾਬਰ ਕਰਾਰ ਦਿੱਤਾ।ਉਨ੍ਹਾਂ ਗਿਆਨੀ ਗੜਗੱਜ ਵੱਲੋਂ ਲਗਾਤਾਰ ਕੀਤੇ ਜਾ ਰਹੇ ਗੈਰ-ਸਿਧਾਂਤਕ, ਆਪਹੁਦਰੇ ਅਤੇ ਮਰਯਾਦਾ ਵਿਰੋਧੀ ਕਦਮਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ ਪੰਥਕ ਸੰਸਥਾਵਾਂ ਦੀ ਸਰਵਉੱਚਤਾ ’ਤੇ ਸਿੱਧਾ ਹਮਲਾ ਕਿਹਾ। ਪ੍ਰੋ. ਖਿਆਲਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦੀ ਰੱਖਿਆ ਲਈ ਤੁਰੰਤ ਦਖ਼ਲ ਦੇਣ, ਗਿਆਨੀ ਗੜਗੱਜ ਤੋਂ ਗੈਰ-ਸਿਧਾਂਤਕ ਕਾਰਵਾਈਆਂ ਬਾਰੇ ਜਵਾਬ ਤਲਬ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਕੇ ਕਿਸੇ ਸਿਧਾਂਤਕ ਪਰਪੱਕਤਾ ਵਾਲੇ ਗੁਰਸਿੱਖ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਈ ਜਥੇਦਾਰ ਨਿਯੁਕਤ ਕੀਤਾ ਜਾਵੇ।ਪ੍ਰੋ. ਖਿਆਲਾ ਨੇ ਕਿਹਾ ਕਿ 6 ਦਸੰਬਰ 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਸਪਸ਼ਟ ਆਦੇਸ਼ ਅਨੁਸਾਰ ਯੂ.ਕੇ. ਦੀ ਅਖੌਤੀ ਸਤਿਕਾਰ ਕਮੇਟੀ ਦੇ ਮੁਖੀ ਮਨਵੀਰ ਸਿੰਘ ਮੰਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੇ ਨਾਮ ’ਤੇ ਮਰਯਾਦਾ ਵਿਹੂਣੇ ਕੰਮ ਕਰਨ ਅਤੇ ਸੰਗਤਾਂ ਨੂੰ ਗੁਮਰਾਹ ਕਰਨ ਦੇ ਦੋਸ਼ਾਂ ਹੇਠ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਸੰਗਤਾਂ ਨੂੰ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਨਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।ਉਨ੍ਹਾਂ ਕਿਹਾ ਕਿ ਹੈਰਾਨੀਜਨਕ ਤੌਰ ’ਤੇ ਹੁਣ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਬਿਨਾਂ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਬੁਲਾਏ, ਬਿਨਾਂ ਦੋਸ਼ੀ ਦੀ ਤਖ਼ਤ ਸਾਹਿਬ ’ਤੇ ਤਲਬ ਕੀਤੇ ਅਤੇ ਬਿਨਾਂ ਕਿਸੇ ਪੰਥਕ ਪ੍ਰਵਾਨਗੀ ਦੇ, ਉਸੇ ਮਨਵੀਰ ਸਿੰਘ ਦੇ ਹੱਕ ਵਿੱਚ ਉਸ ਦੇ ਖ਼ਿਲਾਫ਼ ਯੂ.ਕੇ. ਦੀ ਅਦਾਲਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ‘ਕਥਿਤ’ ਚੋਰੀ ਦੇ ਚੱਲ ਰਹੇ ਕੇਸ ਵਿਚ ਸਮੂਹ ਸਿੱਖ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਪੂਰਨ ਸਹਿਯੋਗ ਦੇਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ, ਜੋ ਪੰਥਕ ਪਰੰਪਰਾਵਾਂ ਦੀ ਖੁੱਲ੍ਹੀ ਉਲੰਘਣਾ ਹੈ।ਪ੍ਰੋ. ਖਿਆਲਾ ਨੇ ਸਵਾਲ ਉਠਾਇਆ ਕਿ ਕੀ ਪੰਜ ਸਿੰਘ ਸਾਹਿਬਾਨਾਂ ਵੱਲੋਂ ਜਾਰੀ ਕੀਤਾ ਗਿਆ ਅਹਿਮ ਪੰਥਕ ਫ਼ੈਸਲਾ ਇਕੱਲਾ ਜਥੇਦਾਰ ਆਪਣੀ ਮਰਜ਼ੀ ਨਾਲ ਬਦਲ ਸਕਦਾ ਹੈ ? ਕੀ ਇਹ ਪੰਜ-ਪ੍ਰਧਾਨੀ ਸੰਸਥਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦਾ ਸਿੱਧਾ ਅਪਮਾਨ ਨਹੀਂ ? ਜੇ 2022 ਦੀ ਪੜਤਾਲ ਪੱਖਪਾਤੀ ਸੀ ਤਾਂ ਉਸ ਪੜਤਾਲ ਕਰਨ ਵਾਲੀ ਸਬ-ਕਮੇਟੀ ਖ਼ਿਲਾਫ਼ ਅੱਜ ਤੱਕ ਕੀ ਕਾਰਵਾਈ ਕੀਤੀ ਗਈ ? ਬਿਨਾਂ ਦੋਸ਼ੀ ਨੂੰ ਤਖ਼ਤ ਸਾਹਿਬ ’ਤੇ ਤਲਬ ਕੀਤੇ ਉਸ ਦੇ ਹੱਕ ਵਿੱਚ ਫ਼ੈਸਲੇ ਲੈਣਾ ਕੀ ਅਕਾਲ ਤਖ਼ਤ ਸਾਹਿਬ ਦੇ ਮਾਣ-ਸਤਿਕਾਰ ਨੂੰ ਢਾਹ ਲਾਉਣ ਦੇ ਬਰਾਬਰ ਨਹੀਂ ?ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਤਲਬ ਕਰਨ ਵੇਲੇ ਗਿਆਨੀ ਗੜਗੱਜ ਵੱਲੋਂ ਅਕਾਲ ਤਖ਼ਤ ਸਕੱਤਰੇਤ ਨੂੰ ਵੱਖਰਾ ਦੱਸਣ ਦੀ ਦਲੀਲ ਅੱਜ ਸਕੱਤਰੇਤ ਵੱਲੋਂ ਜਾਰੀ ਆਦੇਸ਼ਾਂ ਦੀ ਪ੍ਰਮਾਣਿਕਤਾ ’ਤੇ ਹੋਰ ਵੱਡੇ ਸਵਾਲ ਖੜੇ ਕਰਦੀ ਹੈ।ਪ੍ਰੋ. ਸਰਚਾਂਦ ਸਿੰਘ ਨੇ ਇਸ ਮਾਮਲੇ ਦੇ ਪਿਛੋਕੜ ਬਾਰੇ ਦੱਸਿਆ ਕਿ ਬਰਤਾਨੀਆ ਦੀਆਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਪ੍ਰਚਾਰਕਾਂ ਵੱਲੋਂ 2022 ਵਿੱਚ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮਨਵੀਰ ਸਿੰਘ ਦੇ ਖ਼ਿਲਾਫ਼ ਸ਼ਿਕਾਇਤ ਪੱਤਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 29 ਮਈ 2022 ਨੂੰ ਯੂ.ਕੇ. ਦੇ ਗੁਰਦੁਆਰਾ ਬਾਬਾ ਸੰਗ ਜੀ ਵਿਖੇ ਪੰਥਕ ਇਕੱਠ ਕੀਤਾ ਗਿਆ ਸੀ, ਜਿੱਥੇ ਮਨਵੀਰ ਸਿੰਘ ਮੰਨਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ’ਤੇ ਪੰਛੀਆਂ ਦੇ ਚਿੱਤਰ ਬਣਾਉਣ, ਟਰੈਕਰ ਲਗਾਉਣ, ਸਤਿਕਾਰ ਕਮੇਟੀ ਦੀਆਂ ਮੋਹਰਾਂ ਲਗਾਉਣ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਕਟਰ ਰਾਹੀਂ ਬੇਢੰਗੀ ਕਟਿੰਗ ਕਰਨ (ਜਿਨ੍ਹਾਂ ਨੂੰ ਹੁਣ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ) ਵਰਗੀਆਂ ਘਟਨਾਵਾਂ ’ਤੇ ਵਿਚਾਰ ਕੀਤਾ ਗਿਆ।ਇਸ ਤੋਂ ਇਲਾਵਾ, ਉਸ ਵੱਲੋਂ ਗੁਰਦੁਆਰਾ ਬਾਬਾ ਸੰਗ ਜੀ ਵਿਖੇ ਚਲਦੇ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠੋਂ ਗੱਦੀਆਂ ਕੱਢ ਕੇ ਮਰਯਾਦਾ ਦੀ ਗੰਭੀਰ ਉਲੰਘਣਾ ਕਰਨ ਦੇ ਮਾਮਲੇ ਵੀ ਸਾਹਮਣੇ ਆਏ। ਸੰਗਤ ਨੇ ਮਨਵੀਰ ਸਿੰਘ ਉਰਫ਼ ਮੰਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਲਈ ਦੋਸ਼ੀ ਮੰਨਿਆ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁਰਮਤਿ ਮਰਯਾਦਾ ਅਨੁਸਾਰ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ।



## ਵੈਨੇਜ਼ੁਏਲਾ ਤੋਂ ਬਾਅਦ ਹੁਣ ਮੈਕਸੀਕੋ ਦੀ ਵਾਰੀ ?



ਨਿਊਯਾਰਕ (ਪੰਜਾਬੀ ਅਖਬਾਰ ਬਿਊਰੋ)- ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਅਧਿਕਾਰੀਆਂ ਨੇ ਏਅਰਲਾਈਨਜ਼ ਲਈ ਚਿਤਾਵਨੀ ਜਾਰੀ ਕੀਤੀ ਹੈ। ਅਧਿਕਾਰੀਆਂ ਨੇ ਮੈਕਸੀਕੋ ਅਤੇ ਮੱਧ ਅਮਰੀਕਾ ਦੇ ਹਵਾਈ ਖੇਤਰ ਵਿੱਚ ਫੌਜੀ ਗਤੀਵਿਧੀਆਂ ਕਾਰਨ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਹਨ। ਇਹ ਐਡਵਾਈਜ਼ਰੀ ਅਗਲੇ 60 ਦਿਨਾਂ ਲਈ ਜਾਰੀ ਕੀਤੀ ਗਈ ਹੈ।ਅਮਰੀਕਾ ਨੇ ਇਹ ਚੇਤਾਵਨੀ ਅਜਿਹੇ ਸਮੇਂ ਜਾਰੀ ਕੀਤੀ ਹੈ, ਜਦੋਂ 3 ਜਨਵਰੀ ਨੂੰ ਅਮਰੀਕੀ ਵਿਸ਼ੇਸ਼ ਬਲਾਂ ਨੇ ਵੈਨੇਜ਼ੁਏਲਾ ’ਤੇ ਹਮਲਾ ਕਰਕੇ ਉਸ ਦੇਸ਼ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕਰ ਲਿਆ ਸੀ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੈਨੇਜ਼ੁਏਲਾ ’ਤੇ ਹਮਲੇ ਤੋਂ ਬਾਅਦ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੇ ਗਿਰੋਹਾਂ (ਡਰੱਗ ਕਾਰਟੇਲ) ’ਤੇ ਹਮਲਾ ਕਰਨ ਦੀ ਧਮਕੀ ਦੇ ਚੁੱਕੇ ਹਨ। ਅਮਰੀਕਾ ਕਾਫੀ ਸਮੇਂ ਤੋਂ ਇਨ੍ਹਾਂ ਗਿਰੋਹਾਂ ’ਤੇ ਜ਼ਮੀਨੀ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਇੱਕ ਬੁਲਾਰੇ ਨੇ ਦੱਸਿਆ, ਨੇ ਮੈਕਸੀਕੋ, ਮੱਧ ਅਮਰੀਕਾ, ਪਨਾਮਾ, ਬੋਗੋਟਾ, ਗੁਆਇਕਿਲ ਅਤੇ ਮਾਜ਼ਾਤਲਾਨ ਦੇ ਨਿਰਧਾਰਤ ਸਮੁੰਦਰੀ ਉਡਾਣ ਖੇਤਰਾਂ ਅਤੇ ਪੂਰਬੀ ਪ੍ਰਸ਼ਾਂਤ ਮਹਾਂਸਾਗਰ ਦੇ ਹਵਾਈ ਖੇਤਰ ਲਈ ਪਾਇਲਟਾਂ ਨੂੰ ਉਡਾਣ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ ਹੈ। ਟਰੰਪ ਨੇ ਪਿਛਲੇ ਹਫਤੇ ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ, ‘ਹੁਣ ਅਸੀਂ ਕਾਰਟੇਲਾਂ ਵਿਰੁੱਧ ਜ਼ਮੀਨੀ ਕਾਰਵਾਈ ਸ਼ੁਰੂ ਕਰਨ ਜਾ ਰਹੇ ਹਾਂ। ਮੈਕਸੀਕੋ ’ਤੇ ਕਾਰਟੇਲਾਂ ਦਾ ਰਾਜ ਹੈ।







# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287***.

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287***., ,

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287***.

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੁਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ। ਸੰਪਰਕ: 1 519 572 7598 ਜਾਂ +91 9416020778***287***.

### ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਮ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈਟਲ ਹੈ। ਸੰਪਰਕ: 1 647 739 5891 *** 284***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 284*Roop**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

### ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸ਼ਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666*** 284***F***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਿਰ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

### ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੱਲੋਂ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

### ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸ਼ੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

### ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਸਿਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸ਼ਿਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਰ***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਰ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

#### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

#### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ ਵਟਸਐਪ :+ 91 8544819749 ***287 ***


**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**


## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 9583592000


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

**403 640 2000**

# ਕਲਮੀ ਸੱਥ

## ਕੁੜੀਆਂ

ਨੀ ਕੁੜੀਓ ਤੁਸੀਂ ਚਿੜੀਆਂ ਬਣਨਾ ਛੱਡੋ
ਹੁਣ ਬਾਜ ਬਣ ਜਾਓ
ਅਗਿਆਨ ਦੇ ਹਨੇਰੇ ਕੋਠੜੇ 'ਚ
ਮੋਮਬੱਤੀਆਂ ਜਗਾਓ
ਮਾਰੋ ਹਬੰਲਾ ਤੇ ਜਿੱਤ ਜਾਓ
ਕਲਮ ਨੂੰ ਤੁਸੀਂ ਆਪਣੀ ਤਲਵਾਰ ਬਣਾਓ
ਆਪਣੀ ਆਈ ਤੇ ਕੀੜੀ ਵੀ ਹਾਥੀ ਨੂੰ ਢਾਅ ਲੈਂਦੀ
ਦੁਸ਼ਮਣ ਦੇ ਅਕਾਰ ਨੂੰ ਨਾ ਆਪਣਾ ਡਰ ਬਣਾਓ
ਉਂਗਲੀਆਂ ਚੁੱਕਣ ਵਾਲਿਆਂ ਨੂੰ ਸਬਕ ਤੁਸੀਂ ਸਿਖਾਓ
ਕਰਕੇ ਉਂਗਲੀਆਂ ਇਕੱਠੀਆਂ ਤੇ ਮੁੱਠੀ ਤੁਸੀਂ ਬਣਾਓ
ਇਹ ਨਾ ਸੋਚੋ ਕਿੰਨੀ ਲੰਬੀ ਕਿੰਨੀ ਮੁਸ਼ਿਕਲ ਹੈ ਇਹ ਲੜਾਈ
ਜ਼ਿੰਦਗੀ ਦੀ ਜੰਗ ਵਿੱਚ ਦੁਸ਼ਮਣ ਹੈ ਭਾਈ ਦਾ ਭਾਈ
ਸ਼ੱਕ ਨਾ ਕਰ ਆਪਣੇ ਹੁਨਰ ਤੇ ਹਿੰਮਤ ਰੱਖ ਬਣਾਈ
ਆਪਣੇ ਹੱਕ ਲਈ ਆਪ ਹੀ ਤੈਨੂੰ ਕਰਨੀ ਪੈਣੀ ਲੜਾਈ
ਤੂੰ ਮੂਰਤ ਹੈ ਪਿਆਰ ਦੀ ਮਮਤਾ ਦੀ ਆਨੰਦ ਦੀ
ਦੋਹਾਂ ਹੱਥਾਂ ਨਾਲ ਅਮ੍ਰਿਤਧਾਰਾ ਜਾਈ ਤੂੰ ਲੁਟਾਈ
ਪਰ ਜੇ ਗੱਲ ਇੱਜਤ ਤੇ ਆਵੇ
ਅਣਖ ਤੇਰੀਆ ਨੂੰ ਕੋਈ ਵੰਗਾਰ ਕੇ ਜਾਵੇ
ਨਾ ਉਦੀਕੀ ਕਿਸੇ ਮਦਦ ਨੂੰ ਹਮਦਰਦੀ ਨੂੰ
ਤੂੰ ਚੰਡੀ ਹੈ ਹੱਥ ਚ ਸਰਬ ਲੋਹ ਦਾ ਕੜਾ ਪਾਵੇ
ਦੇਵੀ ਦਾ ਰੂਪ ਦਸ ਕੇ ਇਹ ਜਗਤ ਤੈਨੂੰ ਠੱਗ ਰਿਹਾ
ਪਹਿਚਾਣ ਆਪਣਾ ਆਪ ਸੂਰਜ ਵਾਂਗ ਦਗ ਰਿਹਾ
ਜੇ ਅੱਜ ਵੀ ਚੁੱਪ ਤੂੰ ਰਹਿ ਗਈ ਤਾਂ ਇਕ ਯੁੱਗ ਹੋਰ ਪਛਤਾਏਗਾ
ਆਪਣੇ ਹਿੱਸੇ ਦਾ ਕਰ ਸ਼ੰਘਰਸ਼ ਤੂੰ ਦੀਪ ਵੇਖ ਸਵੇਰਾ ਹੋ ਜਾਏਗਾ



**ਪ੍ਰਿੰਸੀਪਲ ਚਰਨਦੀਪ ਕੌਰ**
ਕੈਲਗਰੀ
+14033614707

## ਦੁੱਖ ਅਪਣਾ

ਦੁੱਖ ਅਪਣਾ ਕੀ ਸੁਣਾਵਾਂ ਮੈਂ ਕਿਸੇ ਨੂੰ ?
ਫੱਟ ਅਪਣੇ ਕਿੰਝ ਦਿਖਾਵਾਂ ਮੈਂ ਕਿਸੇ ਨੂੰ ?

ਗ਼ੈਰ ਕਹਿ ਕੇ ਸਾਰਿਆਂ ਨੂੰ ਤੋਰਿਆ ਹੈ
ਆਪਣਾ ਹੁਣ ਕਿੰਝ ਬਣਾਵਾਂ ਮੈਂ ਕਿਸੇ ਨੂੰ ?

ਨਾ ਫ਼ਿਕਰ ਹੈ ਆਪ ਉਹਨਾਂ ਨੂੰ ਕੋਈ ਜਦ
ਨੀਂਦ ਤੋਂ ਫ਼ਿਰ ਕਿਉਂ ਉਠਾਵਾਂ ਮੈਂ ਕਿਸੇ ਨੂੰ ?

ਸਭ ਨੇ ਅੱਖੀਂ ਦੇਖਿਆ ਹੈ ਹਾਦਸਾ ਇਹ
ਕਿਉਂ ਕਹਾਣੀ ਹੁਣ ਸੁਣਾਵਾਂ ਮੈਂ ਕਿਸੇ ਨੂੰ ?

ਜਦ ਦਵਾ ਦਾਰੂ ਨਹੀਂ ਕਰਨੀ ਕਿਸੇ ਨੇ
ਜ਼ਖਮ ਅਪਣੇ ਕਿਉਂ ਦਿਖਾਵਾਂ ਮੈਂ ਕਿਸੇ ਨੂੰ ?

ਜਦ ਉਮਰ ਸੀ ਵੇਖੀਆਂ ਨਾ ਤਦ ਕਿਸੇ ਨੇ
ਕੀ ਦਿਖਾਵਾਂ ਹੁਣ ਅਦਾਵਾਂ ਮੈਂ ਕਿਸੇ ਨੂੰ ?

ਕਾਠਪੁਤਲੀ ਵਾਂਗ ਖ਼ੁਦ ਜਦ ਨੱਚਦਾ ਹਾਂ
ਉਂਗਲੀਆਂ ਤੇ ਕਿੰਝ ਨਚਾਵਾਂ ਮੈਂ ਕਿਸੇ ਨੂੰ ?

ਜਦ ਮੇਰੀ ਨਜ਼ਰਾਂ ਤੋਂ ਬਾਹਲੇ ਗਿਰ ਗਏ ਹਨ
ਪਲਕਾਂ ਉੱਤੇ ਕਿਉਂ ਬਿਠਾਵਾਂ ਮੈਂ ਕਿਸੇ ਨੂੰ ?

**ਹਰਦੀਪ ਬਿਰਦੀ**
9041600900

## ਨਵਾਂ ਸਾਲ ਮੁਬਾਰਕਬਾਦ

ਬੁਰੇ ਵਖ਼ਤ ਨੂੰ ਆਖਾਂ ਚੰਗਾ
ਤੀਲ੍ਹੇ ਚਾਰ ਟਿਕਾਏ ਮਰ ਕੇ
ਝੱਖੜ ਆਣ ਖਿਲਾਰ੍ਹ ਗਿਆ
ਮੈਂ ਬੁਰੇ ਵਖ਼ਤ ਨੂੰ ਆਖਾਂ ਚੰਗਾ
ਜਿਹੜੇ ਖੋਟੇ ਖਰ੍ਹੇ ਨਿਤਾਰ੍ਹ ਗਿਆ

ਜਿਹੜਾ ਹਾਂ ਜੀ , ਹਾਂ ਜੀ ਕਰਦਾ ਸੀ
ਓਹਦਾ ਬਿਨ ਮੇਰੇ ਨਾ ਸਰਦਾ ਸੀ
ਨਾ ਵਿੱਚ ਵਿਚਾਲੇ ਪਰਦਾ ਸੀ
ਮੈਂ ਅੱਖਾਂ ਚਾਰ ਸੀ ਕਰਦਾ ਰਿਹਾ
ਤੇ ਉਹ ਮੈਨੂੰ ਸੀ ਚਾਰ੍ਹ ਗਿਆ
ਮੈਂ ਬੁਰੇ ਵਕਤ ਨੂੰ ਆਖਾਂ ਚੰਗਾ
ਜਿਹੜਾ ਖੋਟੇ ਖਰ੍ਹੇ ਨਿਤਾਰ੍ਹ ਗਿਆ

ਓਦਾਂ ਬਣਿਆ ਰੂਹ ਦਾ ਹਾਣੀ ਸੀ ?
ਅੱਖ ਕਾਤਲ ਰੂਹ ਪਰ ਕਾਣੀ ਸੀ
ਮੇਰੀ ਵੀ ਸੋਚ ਨਿਆਣੀ ਸੀ
ਮੈਨੂੰ ਚੜ੍ਹਿਆ ਤੇਈਆ ਇਸ਼ਕੇ ਦਾ
ਉਹ ਜਲਦੀ ਬਹੁਤ ਉਤਾਰ੍ਹ ਗਿਆ
ਮੈਂ ਬੁਰੇ ਵਕਤ ਨੂੰ ਆਖਾਂ ਚੰਗਾ
ਜਿਹੜਾ ਖੋਟੇ ਖਰ੍ਹੇ ਨਿਤਾਰ੍ਹ ਗਿਆ

ਮੇਰਾ ਹਾਣੀ ਮੈਨੂੰ ਵਰਤ ਗਿਆ
ਪਿੱਠ ਮੋੜੀ ਤੇ ਪਿੰਡ ਪਰਤ ਗਿਆ
ਦਿਲ ਡੂੰਘਾ ਕੀਤਾ ਜੀਹਦੇ ਲਈ

ਓਹ ਸੀ ਤੁਰ ਪਾ ਕੇ ਭਰਤ ਗਿਆ
ਜਿਹੜਾ ਦਿਲ ਉਹਦੇ ਤੇ ਮਰਦਾ ਸੀ
ਉਹ ਓਸੇ ਦਿਲ ਨੂੰ ਮਾਰ ਗਿਆ
ਮੈਂ ਬੁਰੇ ਵਕਤ ਨੂੰ ਆਖਾਂ ਚੰਗਾ
ਜਿਹੜਾ ਖੋਟੇ ਖਰ੍ਹੇ ਨਿਤਾਰ੍ਹ ਗਿਆ

ਬੜਾ ਨਾਮ 'ਜਤਿੰਦਰ' ਮੁੱਖ ਤੇ ਸੀ
ਲੱਗਦੀ ਜਿੰਦਗੀ ਉਦੋਂ ਸੁੱਖ ਤੇ ਸੀ
ਖਾਣ ਪੀਣ ਨੂੰ ਚਿੱਤ ਨਾ ਕਰੇ

ਓਦਾਂ ਲੱਗਦੀ ਭਾਵੇਂ ਭੁੱਖ ਤੇ ਸੀ
ਖੌਰੇ .... ਭੁੱਲ ਹੋ ਗਈ ਮੈਥੋਂ ਭੁੱਲ ਕੇ
ਜਾਂ ਫੇਰ.... ਰੁੱਸ ਮੇਰਾ ਕਰਤਾਰ ਗਿਆ
ਮੈਂ ਬੁਰੇ ਵਕਤ ਨੂੰ ਆਖਾਂ ਚੰਗਾ
ਜਿਹੜਾ ਖੋਟੇ ਖਰੇ ਨਿਤਾਰ੍ਹ ਗਿਆ

**ਸਨੀ ਸਵੈਚ**
403 903 5601

## ਰੱਬ ਮਿਲ ਗਿਆ ਹੋਵੇ

ਦੀਦ ਤੇਰੀ ਦੇ ਦਰਸ ਲਈ,
ਸਾਡੇ ਨੈਣ ਹੋਏ ਪਏ ਸਨ ਪਿਆਸੇ,
ਚਿਹਰੇ ਮੁਜਰਾ ਜਿਹੇ ਗਏ ਸਨ
ਬੁੱਲ੍ਹੀਆਂ ਤੋਂ ਉੱਡ ਗਏ ਸਨ, ਹਾਸੇ
ਜਿਵੇਂ ਜਿੰਦ ਸਾਡੀ ਵਿਚੋਂ ........
ਕੋਈ, ਰੂਹ ਨੂੰ ਕੱਢਕੇ ਲੈ ਗਿਆ ਹੋਵੇ !
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ, ਸਾਨੂੰ ਰੱਬ ਹੀ ਮਿਲ ਗਿਆ ਹੋਵੇ !!
ਰਾਤੀ ਆਏ ਜਦ ਸੁਪਨਿਆਂ 'ਚ
ਗੱਲਾਂ ਹੋਈਆਂ,ਮਿੱਠੀਆਂ ਵਾਂਗ ਪਤਾਸੇ
ਕਾਂ ਬੋਲਿਆ ਸੀ, ਆਣ ਬਨੇਰੇ ਤੇ
ਧਰਮ ਨਾਲ, ਓਹ ਸਾਨੂੰ ਮੋਰ ਵਾਂਗੂ ਜਾਪੇ
ਹੋਈ ਅੱਜ ਮਨ ਦੀ ਮੁਰਾਦ ਪੂਰੀ
ਜਿਵੇਂ ਰੱਬ ਨੇ ਨੇੜੇ ਖੜ ਕੇ ਸੁਣ ਲਈ ਹੋਵੇ
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.... ਸਾਨੂੰ ਰੱਬ ਹੀ ਮਿਲ ਗਿਆ ਹੋਵੇ
ਚਾਹਤ ਦਿਲ 'ਚ ਹੋਣੀ ਜਰੂਰੀ ਏ
ਉਂਜ ਦੁਸਮਣ ਵੀ ਚੇਤੇ...ਬਥੇਰਾ ਕਰਦੇ
ਸਾਡੀ ਛੋਟੀ ਜਿਹੀ ਕਹਾਣੀ ਨਹੀ ਸੀ,
ਤੁਸੀ ਪਲਟ ਪੰਨੇ ਅਗਾਂਹ ਸੀ ਕਰ ਗਏ,
ਰੂਹਾਂ ਨੂੰ ਦਾਗ-ਹਿਜਰਾਂ ਦੇ ਲਗ ਜਾਂਦੇ,
ਜਦ ਯਕੀਨ ਨੂੰ ਸੱਕ 'ਚ ਬਦਲ ਲਿਆ ਹੋਵੇ
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,
ਖੁਸੀਆਂ,ਤਕਦੀਰਾਂ ਦੇ ਵਿੱਚ ਹੋਵਣ
ਤਸਵੀਰਾਂ 'ਚ ਹੱਸ ਹੱਸ ਨਾਲ ਬਥੇਰੇ ਖੜਦੇ
ਯਾਦਾਂ ਓਦੋਂ ਬਣ ਜਾਣ ਸਜਾਵਾਂ ਨੇ
ਜਦ,ਆਪਣੇ ਰਕੀਬਾਂ ਦੇ ਹੱਥ ਜਾਣ ਚੜ੍ਹਦੇ
ਰਾਹ, ਕਿੱਥੇ ਖਤਮ ਹੁੰਦੇ ਜਿ਼ੰਦਗੀ ਦੇ
ਮੰਜਿ਼ਲ ਉਹੀ, ਜਿੱਥੇ ਖਾਹਿਸ ਖਤਮ ਹੋਵੇ
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,

**ਦੀਪ ਰੱਤੀ**

## ਉਮੀਦ ਨਾ ਛੱਡਣਾ ਕਦੇ

ਆਵਣ ਭਾਵੇਂ ਲੱਖ ਮੁਸ਼ਕਿਲਾਂ, ਛੱਡਣਾ ਨਾ ਉਮੀਦ ਕਦੇ।
ਲੰਘ ਜਾਵੇ ਉਹ ਮੁੱਖ ਛੁਪਾ ਕੇ, ਆਖਰ ਹੋਸੀ ਦੀਦ ਕਦੇ।
ਯਾਰੜੇ ਨੇ ਹੋ ਜਾਣਾ ਮੇਰਾ, ਆਵੇਗੀ ਉਹ ਈਦ ਕਦੇ।
ਸਭ ਦੀ ਝੋਲੀ ਮੌਲਾ ਭਰਦਾ, ਬਣ ਕੇ ਵੇਖ ਮੁਰੀਦ ਕਦੇ।
ਵੱਲ ਆ ਜਾਣਾ ਮੁੱਲ ਕਰਨ ਦਾ, ਜੇ ਤੂੰ ਕਰੇਂ ਖਰੀਦ ਕਦੇ।
ਡਰ ਨਾ ਐਵੇਂ ਤਰਮੀਮਾਂ ਤੋਂ, ਹੋਵੇਗੀ ਤਾਈਦ ਕਦੇ।
ਸਦੀ ਉੱਨੀ ਦਾ ਜਾਇਆ ਭਾਵੇਂ, ਬਣਨਾ ਅਸੀਂ ਜਦੀਦ ਕਦੇ।
ਅੱਤਵਾਦੀ ਜੋ ਨਾਇਕ ਨੇ ਅੱਜ, ਦਰਜਾ ਮਿਲੂ ਸ਼ਹੀਦ ਕਦੇ।
ਅੱਜ ਨਹੀਂ ਤਾਂ ਕੱਲ੍ਹ ਦਿੱਸੇਗਾ, ਚਮਕੂ ਵਾਂਗ ਨਾਹੀਦ ਕਦੇ।
ਕਿਹਾ ਹੁੰਦਾ ਤਾਂ ਕਿਉਂ ਨਾ ਮਿਲਦਾ, ਕੀਤੀ ਨਾ ਤਾਕੀਦ ਕਦੇ।
ਆਖਰ ਸ਼ੁਹਦੇ ਅੱਜ ਕੀ ਕੀਤਾ, ਕੀਤੀ ਨਾ ਤਰਦੀਦ ਕਦੇ।
'ਨਵ ਸੰਗੀਤ' ਤੇ ਰੱਖ ਭਰੋਸਾ, ਵੇਖੀਂ ਬਣੂੰ ਸ਼ਦੀਦ ਕਦੇ।

**ਪ੍ਰੋ. ਨਵ ਸੰਗੀਤ ਸਿੰਘ**
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.

## ਜੰਗ

ਜੰਗ ਬੜੀ ਭੈੜੀ ਭਿਆਨਕ ਨਾਉਂ ਹੁੰਦਾ
ਜਿੱਥੇ ਇਹ ਹੁੰਦੀ ਤਬਾਹੀ ਮਚਾ ਦਿੰਦੀ।
ਕਾਰਵਾਂ ਪਾਡਵਾਂ ਦੀ ਲੜ੍ਹਾਈ ਯਾਦ ਸਾਨੂੰ
ਜਿੱਥੇ ਹੋਵੇ ਮਿੱਟੀ ਦਾ ਰੰਗ ਵਟਾ ਦਿੰਦੀ।
ਜਪਾਨ ਵਿੱਚ ਡਿੱਗੇ ਪ੍ਰਮਾਣੂ ਬੰਬਾਂ ਦੀ
ਅਗਸਤ ਮਹੀਨੇ ਯਾਦ ਦਿਵਾ ਦਿੰਦੀ।
ਬਾਹਟ, ਪੈਂਹਟ ਇੱਕਹੱਤਰ ਨੂੰ ਭੁੱਲੇ ਨਹੀਂ
ਕਾਰਗਲ ਲੜ੍ਹਾਈ ਦੀ ਯਾਦ ਸਤਾ ਦਿੰਦੀ।
ਇਹ ਜਿੱਥੇ ਹੋਵੇ ਆਪਣਾ ਅਸਰ ਛੱਡ ਕੇ
ਜੰਤਾ ਨੂੰ ਆਰਥਿਕ ਤੰਗੀ ਵਿੱਚ ਪਾ ਦਿੰਦੀ।
ਜੰਗ ਨਾ ਲਿਹਾਜ ਕਿਸੇ ਨਾਲ ਕਰਦੀ
ਜਖ਼ਮੀਆਂ ਦੇ ਸਰੀਰਾਂ ਚ ਖੂਨ ਵਹਾ ਦਿੰਦੀ।
ਕਲਮਾਂ ਵਾਲੇ ਵੀ ਜੰਗ ਤੋਂ ਤੋਬਾ ਕਰ ਗਏ
ਨਾਰਾਂ ਦੇ ਸੁਹਾਗਾਂ ਨੂੰ ਮਿੱਟੀ ਰੁਲਾ ਦਿੰਦੀ।
ਮੁੱਲਾਂਪੁਰ ਸਦਾ ਹੈ ਅਮਨ ਸ਼ਾਂਤੀ ਚਾਹੁੰਦਾ
ਇਹ ਹਰਿਆਵਲ ਥਾਂ ਨੂੰ ਅੱਗਾਂ ਲਾ ਦਿੰਦੀ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਕੈਲਪੁਰ ਰੋਡ ਮੁੱਲਾਂਪੁਰ ਦਾਖਾ**

## ਜੰਗ/ ਕਵਿਤਾ

ਜਦ ਸ਼ੁਰੂ ਹੋ ਜਾਵੇ ਜੰਗ,
ਇਹ ਕਰ ਦੇਵੇ ਸਭ ਨੂੰ ਤੰਗ।
ਝੁਲਸ ਜਾਵੇ ਕੋਈ ਪੂਰਾ ਹੀ,
ਜਲ ਜਾਣ ਕਿਸੇ ਦੇ ਅੰਗ।
ਮਾਰੂ ਹਥਿਆਰਾਂ ਬਾਰੇ ਸੁਣ ਕੇ,
ਹਰ ਕੋਈ ਰਹਿ ਜਾਵੇ ਦੰਗ।
ਅੰਤ 'ਚ ਕਿਸੇ ਨੂੰ ਕੁਝ ਨਾ ਮਿਲੇ,
ਇਹ ਕਰੇ ਦੋਹਾਂ ਦੇਸ਼ਾਂ ਨੂੰ ਨੰਗ।
ਜਿਹੜਾ ਜੰਗ ਜਾਣ ਕੇ ਛੇੜੇ,
ਉਸ ਨੇ ਪੀਤੀ ਹੁੰਦੀ ਆ ਭੰਗ।
ਲੋਕਾਂ ਤੋਂ ਪੈਣ ਲਾਅਨਤਾਂ ਇਸ ਨੂੰ,
ਜਦ ਜੰਗ ਪਾਵੇ ਰੰਗ 'ਚ ਭੰਗ।
ਸ਼ਾਲਾ ! ਕਿਸੇ ਮੁਟਿਆਰ ਦੀ,
ਜੰਗ ਕਰਕੇ ਨਾ ਟੁੱਟੇ ਵੰਗ।
ਬੈਠ ਕੇ ਸਾਰੇ ਮਸਲੇ ਹੱਲ ਕਰੋ,
ਹਾਕਮਾਂ ਤੋਂ ਹੈ ਸਾਡੀ ਇਹ ਮੰਗ।

**ਮਹਿੰਦਰ ਸਿੰਘ ਮਾਨ**
ਫੋਨ -9915803554

## .ਗ਼ਜ਼ਲ

ਮਦਾਰੀ ਦਾ ਐਸਾ ਕੌਤਕ ਵਿਖਾਇਆ ਹੈ ਕਲੰਦਰ ਨੇ।
ਹਸਾਇਆ ਹੈ ਰੁਲਾਇਆ ਹੈ ਸਤਾਇਆ ਹੈ ਕਲੰਦਰ ਨੇ।
ਉਹ ਦੀ ਇਕ ਡੁਗਡੁਗੀ ਅੰਦਰ ਨਸ਼ਾ ਮਦਹੋਸ਼ ਕਰਨੇ ਦਾ,
ਕਿ ਬਾਂਦਰ ਰਿਛ ਸਣੇਂ ਬੰਦਾ ਨਚਾਇਆ ਹੈ ਕਲੰਦਰ ਨੇ।
ਕਿ ਪਹਿਲਾਂ ਮਾਰਿਆ ਉਸ ਨੂੰ ਲਹੂ ਲੁਹਾਣ ਕਰ-ਕਰ ਕੇ,
ਤੇ ਚੁਰਲੂ ਨਾਲ ਬੰਦੇ ਨੂੰ ਉਠਾਇਆ ਹੈ ਕਲੰਦਰ ਨੇ।
ਹੈ ਝੂਠੋ-ਝੂਠ ਸਾਰਾ ਖੇਲ ਐਪਰ ਸਚ ਜਿਹਾ ਲੱਗੇ,
ਖ਼ੁਦਾ ਨੂੰ ਵੀ ਹਵਾ ਵਿੱਚੋਂ ਬੁਲਾਇਆ ਹੈ ਕਲੰਦਰ ਨੇ।
ਹਵਾ ਵਿਚੋਂ ਧੜਾ ਧੜ ਪੈਸੇ ਦੀ ਬਰਸਾਤ ਹੋ ਜਾਂਦੀ,
ਕਿ ਲੋਕਾਂ ਨੂੰ ਇਵੇਂ ਮੂਰਖ ਬਣਾਇਆ ਹੈ ਕਲੰਦਰ ਨੇ।
ਅਗਰ ਕੁਝ ਦਾਨ ਦੇਵੋਗੇ ਤਾਂ ਇਸ ਨੂੰ ਜਿੰਦਾ ਕਰ ਦਊਂਗਾ,
ਮਰੇ ਬੱਚੇ ਨੂੰ ਹੱਥਾਂ ਵਿਚ ਉਠਾਇਆ ਹੈ ਕਲੰਦਰ ਨੇ।
ਯੁਗਾਂਤਰ ਤੋਂ ਹੀ ਇਸ ਦੇ ਨਾਲ ਇਕ ਰਿਸ਼ਤਾ ਹੈ ਲੋਕਾਂ ਦਾ,
ਕਿਵੇਂ ਸਚ ਝੂਠ ਦਾ ਸਿੱਕਾ ਚਲਾਇਆ ਹੈ ਕਲੰਦਰ ਨੇ।
ਛੁਪਾ ਕੇ ਕਪੜੇ ਵਿਚ ਬੱਚਾ ਉਹ ਦੀ ਫਿਰ ਧੌਣ ਲਾਹ ਦੇਣਾ,
ਘੜੀ ਪਲ ਚੈਨ ਸਭਨਾਂ ਦਾ ਚੁਰਾਇਆ ਹੈ ਕਲੰਦਰ ਨੇ।
ਬਿਸ਼ਕ ਇਹ ਸਚ ਨਹੀਂ ਫ਼ਿਰ ਵੀ ਇਹ ਲੋਕੀਂ ਮੰਨੀਂ ਜਾਂਦੇ ਨੇ,
ਕਬੂਤਰ ਤੋਂ ਕਿਵੇਂ ਚੂਹਾ ਬਣਾਇਆ ਹੈ ਕਲੰਦਰ ਨੇ।
ਕਿਵੇਂ ਬੁੱਧੂ ਬਣਾ ਕੇ ਰੋਟੀਆਂ ਨੂੰ ਸੇਕ ਲੈਂਦਾ ਹੈ,
ਸਮੋਹਿਤ ਕਰਨ ਦਾ ਜੁਮਲਾ ਰਚਾਇਆ ਹੈ ਕਲੰਦਰ ਨੇ।
ਕਿਵੇਂ ਚੁਰਲੂ ਤੇ ਬਾਂਦਰ ਰਿਛ ਨੂੰ ਸ਼ਿਸ਼ਟਾਚਾਰ ਵਿਚ ਰੱਖਣਾ,
ਕਿ ਅਪਣੀ ਅਗਲੀ ਪੀੜੀ ਨੂੰ ਸਿਖਾਇਆ ਹੈ ਕਲੰਦਰ ਨੇ।
ਇਹ ਨਵ ਪੀੜੀ ਹਕੀਕਤ ਨੂੰ ਸਮਝ ਚੁੱਕੀ ਹੈ ਬਾਲਮ ਜੀ,
ਕਿਵੇਂ ਕਿੱਦਾਂ ਕਦੋਂ ਕਿੱਥੇ ਰੁਲਾਇਆ ਹੈ ਕਲੰਦਰ ਨੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**
**403-232-6220**




# ਦਿਲ ਵਾਲਾ ਦੁੱਖੜਾ-3

**-ਮਨਜ਼ੂਰ ਹੁਸੈਨ ਝੱਲਾ**




ਲੋਕ ਦਾਸਤਾਂ ਗਾਉਣ ਵਿੱਚ ਪਾਕਿਸਤਾਨ ਦੇ ਮੋਹਰੀ ਲੋਕ ਗਾਇੱਕ ਆਸ਼ਿਕ ਹੁਸੈਨ ਜੱਟ ਦੀ ਆਵਾਜ਼ ਵਿੱਚ ਮਨਜ਼ੂਰ ਝੱਲੇ ਦਾ ਲਿਖਿਆ ਬਹੁਤ ਖ਼ੂਬਸੂਰਤ ਗੀਤ। ਇਨਸਾਨ ਦੀ ਅੰਤਿਮ ਯਾਤਰਾ ਦਾ ਕੌੜਾ ਸੱਚ

ਕਿਤੇ ਬਾਜੀ ਜਿੱਤ ਕੇ ਤੇ, ਕਿਤੇ ਬਾਜੀ ਹਾਰ ਕੇ
ਚੱਲਿਆ ਏਂ ਘੜੀ ਪਲ ਮੇਲੇ 'ਚ ਗੁਜ਼ਾਰ ਕੇ
ਰੱਬ ਵੱਲੋਂ ਕੀਤੀ ਤਕਦੀਰ ਖੋਟੀ ਗਈ ਏ
ਬੱਸ ਉਹਦੀ ਜੱਗ ਨਾਲੋਂ ਸਾਂਝ ਟੁੱਟ ਗਈ ਏ
ਬਹਿ ਗਿਆ ਏ ਮੰਜੀ ਉੱਤੇ ਬਾਹਵਾਂ ਨੂੰ ਖਿਲਾਰ ਕੇ
ਕਿਤੇ ਬਾਜੀ ਜਿੱਤ ਕੇ ਤੇ ਕਿਤੇ ਬਾਜੀ ਹਾਰ ਕੇ

ਮਾਰੀਆਂ ਨੇ ਕੂਕਾਂ ਉਹਨੂੰ ਬੇਲੀਆਂ ਤੇ ਹਾਣੀਆਂ
ਰਹਿ ਗਈਆਂ ਨੇ ਯਾਦਾਂ ਪਿੱਛੇ ਰੋਂਦੀਆਂ ਨਿਮਾਣੀਆਂ
ਸਿਰ ਤੇ ਮੜਾਸਾ ਸਾਰੀ ਜ਼ਿੰਦਗੀ ਲਈ ਮਾਰ ਕੇ
ਕਿਤੇ ਬਾਜੀ ਜਿੱਤ ਕੇ ਤੇ ਕਿਤੇ ਬਾਜੀ ਹਾਰ ਕੇ

ਜ਼ਿੰਦਗੀ ਦਾ ਪੈਂਡਾ, ਕਿਤੇ ਧੁੱਪ ਕਿਤੇ ਛਾਂ ਏ ਚੱਲ
'ਮਨਜ਼ੂਰ' ਜੱਗ ਚੱਲਦੀ ਦੀ ਨਾਂ ਏ
ਤਨ ਮਨ ਧਨ ਸਭੇ ਜ਼ਿੰਦਗੀ ਤੋਂ ਵਾਰ ਕੇ
ਕਿਤੇ ਬਾਜੀ ਜਿੱਤ ਕੇ ਤੇ ਕਿਤੇ ਬਾਜੀ ਹਾਰ ਕੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - EKCC 20062 ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਮਨਜ਼ੂਰ ਹੁਸੈਨ ਝੱਲਾ
ਸੰਗੀਤਕਾਰ - ਆਸ਼ਿਕ ਹੁਸੈਨ ਜੱਟ / ਆਵਾਜ਼ - ਆਸ਼ਿਕ ਹੁਸੈਨ ਜੱਟ

ਲੋਕ-ਗਾਇਕ 'ਲਾਲ ਦੀਨ ਸ਼ਾਹਬਾਦੀ' ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਮਨਜ਼ੂਰ ਝੱਲੇ ਦਾ ਗੀਤ

ਪਹਿਲੇ ਸੋਚ ਲਵੀਂ ਇਸ਼ਕ ਲਕੋਇਆ ਵੀ ਨਹੀਂ ਜਾਣਾ
ਤੈਨੂੰ ਐਸਾ ਦਾਗ ਲੱਗੂ ਤੈਥੋਂ ਧੋਇਆ ਵੀ ਨਹੀਂ ਜਾਣਾ
ਤੂੰ ਤੇ ਹੱਸਣਾ ਤੇ ਕੀ, ਤੈਥੋਂ ਰੋਇਆ ਵੀ ਨੀ ਜਾਣਾ

ਇੱਥੇ ਇਸ਼ਕ ਦੇ ਹਮੇਸ਼ਾ ਝੰਡੇ ਝੁੱਲਦੇ ਰਹੇ ਨੇ
ਇੱਥੇ ਨਬੀ ਤੇ ਪੈਗ਼ੰਬਰ ਵੀ ਭੁੱਲਦੇ ਰਹੇ ਨੇ
ਬੈਠਾ ਰੋਵੇਂਗਾ ਦਰਦ ਬੇਗਾਨਾ ਸਾਂਭ ਕੇ
ਪਹਿਲੇ ਸੋਚ ਲਈਂ

ਲੁਕ ਛੁੱਪ ਕੇ ਨਜ਼ਾਰਾ 'ਮਨਜ਼ੂਰ' ਦੇਖ ਲੈ ਨਹੀਂਓ
ਮਾਰਦਾ ਬੇਦਰਦ ਨਿਸ਼ਾਨਾ ਸਾਂਭ ਕੇ ਪਹਿਲੇ ਸੋਚ ਲਈ
ਦਿਲ ਲੈਕੇ ਤੈਥੋਂ ਰੱਖਿਆ ਨਹੀਂ ਜਾਣਾ ਸਾਂਭ ਕੇ,
ਪਹਿਲੇ ਸੋਚ ਲਈਂ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 20056
ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ
ਗੀਤ - ਦਿਲ ਲੈ ਕੇ / ਗੀਤਕਾਰ - ਮਨਜ਼ੂਰ ਹੁਸੈਨ ਝੱਲਾ ਸੰਗੀਤਕਾਰ - ਜੀ ਏ ਚਿਸ਼ਤੀ / ਆਵਾਜ਼ - ਲਾਲ ਦੀਨ ਸ਼ਾਹਬਾਦੀ ਇਹ ਤਾਂ ਮੈਂ ਸਿਰਫ਼ ਉਹਨਾਂ ਗੈਰ ਫਿਲਮੀ ਗੀਤਾਂ ਦਾ ਜ਼ਿਕਰ ਕੀਤਾ ਹੈ ਜੋ ਮੈਂ ਲਾਹੌਰ ਰੇਡੀਓ ਦੇ ਜ਼ਰੀਏ ਬਚਪਨ ਤੋਂ ਸੁਣਦਾ ਆਇਆ ਹਾਂ। ਜਿਹਨਾਂ ਦੇ ਰਿਕਾਰਡ ਮੇਰੇ ਕੋਲ ਹਨ। ਪਾਕਿਸਤਾਨ ਦੇ ਵੱਡੇ ਵੱਡੇ ਗਾਇੱਕਾਂ ਦੇ ਰਿਕਾਰਡ ਜਿਹਨਾਂ ਰਿਕਾਰਡਾਂ ਤੇ ਗੀਤਕਾਰ ਵੱਜੋਂ ਮਨਜ਼ੂਰ ਹੁਸੈਨ ਝੱਲੇ ਦਾ ਨਾਮ ਦਰਜ ਹੈ। ਇਹਨਾਂ ਤੋਂ ਇਲਾਵਾ ਪਤਾ ਨਹੀਂ ਹੋਰ ਕਿੰਨੇ ਕੁ ਗੀਤ ਅਜਿਹੇ ਹਨ, ਜੋ ਮਨਜ਼ੂਰ ਹੁਸੈਨ ਝੱਲੇ ਦੇ ਲਿਖੇ ਹੋਏ ਨੇ ਤੇ ਵੱਖ ਵੱਖ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ।ਪਰ ਚੜ੍ਹਦੇ ਪੰਜਾਬ ਵਿੱਚ ਸਾਡੇ ਤੱਕ ਨਹੀਂ ਪੁੱਜੇ।

## ਗੱਲ ਮਨਜ਼ੂਰ ਹੁਸੈਨ 'ਝੱਲੇ ਦੀ'

ਮਨਜ਼ੂਰ ਝੱਲੇ ਦੀ ਜ਼ਿੰਦਗੀ ਬਾਰੇ ਤੱਥ ਡਾ. ਸਫਦਰ ਵਾਮਿਕ (ਪਾਕਿਸਤਾਨ) ਦੀ ਖੋਜ ਤੇ ਅਧਾਰਿਤ ਹਨ। ਜਿਹਨਾਂ ਨੇ ਮਨਜ਼ੂਰ ਝੱਲੇ ਬਾਰੇ ਖੋਜ ਕੀਤੀ। ਅੰਮ੍ਰਿਤਸਰ ਸਾਹਿਬ ਦੇ ਲਾਗੇ ਬੜਾ ਮਸ਼ਹੂਰ ਕਸਬਾ ਹੈ ਜੰਡਿਆਲਾ ਗੁਰੂ।ਵੰਡ ਤੋਂ ਪਹਿਲਾਂ ਜੰਡਿਆਲਾ ਗੁਰੂ ਪਿੱਤਲ ਕਾਂਸੀ ਤਾਂਬੇ ਦੇ ਬਰਤਨ ਬਣਾਉਣ ਲਈ ਪੂਰੇ ਭਾਰਤ ਵਿੱਚ ਮਸ਼ਹੂਰ ਸੀ। ਬਰਤਨਾਂ ਦੇ ਨਾਲ ਨਾਲ ਇੱਥੋਂ ਦੇ ਬਣੇ ਸੋਨੇ ਚਾਂਦੀ ਦੇ ਗਹਿਣੇ ਵੀ ਬਹੁਤ ਮਸ਼ਹੂਰ ਸਨ। ਬਰਤਨ ਬਣਾਉਣ ਵਾਲੇ ਕਾਰੀਗਰਾਂ ਨੂੰ ਠਠਿਆਰੇ ਆਖਿਆ ਜਾਂਦਾ ਹੈ। ਕਿਸੇ ਸਮੇਂ ਜੰਡਿਆਲਾ ਗੁਰੂ ਦਾ ਠਠਿਆਰਿਆਂ ਵਾਲਾ ਬਾਜ਼ਾਰ ਵੀ ਮਸ਼ਹੂਰ ਸੀ। ਉਸ ਸਮੇਂ ਜੰਡਿਆਲਾ ਗੁਰੂ ਦੇ ਸੱਤ ਦਰਵਾਜ਼ੇ ਸਨ। ਜੰਡਿਆਲਾ ਗੁਰੂ ਦੇ ਠਠਿਆਰਿਆਂ ਵਾਲੇ ਬਾਜ਼ਾਰ ਦੇ ਦਰਸ਼ਨੀ ਦਰਵਾਜ਼ੇ ਕੋਲ 1927 ਵਿੱਚ ਪਿਤਾ ਚਿਰਾਗ ਦੀਨ ਕੁਰੈਸ਼ੀ ਦੇ ਘਰ ਮਾਤਾ ਤਾਲਾ ਬੀਬੀ ਦੀ ਕੁੱਖੋਂ ਮਨਜ਼ੂਰ ਹੁਸੈਨ ਦਾ ਜਨਮ ਹੋਇਆ। ਚਿਰਾਗ ਦੀਨ ਤੇ ਤਾਲਾ ਬੀਬੀ ਦੇ ਘਰ ਦੋ ਪੁੱਤਰਾਂ ਅਤੇ ਦੋ ਧੀਆਂ ਨੇ ਜਨਮ ਲਿਆ। ਸਭ ਤੋਂ ਵੱਡੇ ਪੁੱਤਰ ਦਾ ਨਾਮ ਬਰਕਤ ਅਲੀ ਉਸਤੋਂ ਛੋਟਾ ਮਨਜ਼ੂਰ ਹੁਸੈਨ ਅਤੇ ਫੇਰ ਦੋ ਧੀਆਂ ਹਲੀਮਾਂ ਬੀਬੀ ਅਤੇ ਮੀਰਾਜ ਬੀਬੀ। ਚਿਰਾਗ ਦੀਨ ਕੁਰੈਸ਼ੀ ਦਾ ਪਰਿਵਾਰ ਗੁਰਬਤ ਦੀ ਜ਼ਿੰਦਗੀ ਬਤੀਤ ਕਰਦਾ ਸੀ। ਇਹ ਪਰਿਵਾਰ ਸੁਨਿਆਰਿਆਂ ਦੀਆਂ ਦੁਕਾਨਾਂ ਤੋਂ ਕੂੜਾ ਕਰਕਟ ਇੱਕੱਠਾ ਕਰਦਾ, ਉਸਨੂੰ ਧੋ ਕੇ ਉਸ ਵਿੱਚੋਂ ਸੋਨੇ ਚਾਂਦੀ ਦੇ ਕਣ ਨਿਖਾਰ ਕੇ, ਸੁਨਿਆਰਿਆਂ ਨੂੰ ਵੇਚ ਆਉਂਦਾ। ਇਸ ਤੋਂ ਇਲਾਵਾ ਮਿਹਨਤ ਮਜ਼ਦੂਰੀ ਹੀ ਇਸ ਪ੍ਰੀਵਾਰ ਦੀ ਉਪਜੀਵਕਤਾ ਦਾ ਸਾਧਨ ਸੀ। ਭਾਵੇਂ ਚਿਰਾਗ ਦੀਨ ਆਰਥਿਕ ਪੱਖੋਂ ਬਹੁਤ ਕਮਜ਼ੋਰ ਸੀ ਪਰ ਅਣਖੀ ਬਿਰਤੀ ਦਾ ਮਾਲਕ ਸੀ।




ਉਸ ਸਮੇਂ ਗਰੀਬ ਲੋਕਾਂ ਦੇ ਘਰਾਂ ਦੀਆਂ ਕੰਧਾਂ ਕੋਈ ਜ਼ਿਆਦਾ ਉੱਚੀਆਂ ਨਹੀਂ ਹੁੰਦੀਆਂ ਸਨ। ਬਸ ਐਨੀਆਂ ਕੁ ਹੁੰਦੀਆਂ ਸਨ ਕਿ ਪੈਦਲ ਤੁਰੇ ਜਾਂਦੇ ਰਾਹਗੀਰਾਂ ਤੋਂ ਘਰ ਦਾ ਪਰਦਾ ਬਣਿਆ ਰਹੇ। ਪਰ ਜੇਕਰ ਕੋਈ ਘੋੜ ਸਵਾਰ ਜਾਂ ਬੈਲ ਗੱਡੀ ਸਵਾਰ ਗਲੀ ਵਿੱਚੋਂ ਲੰਘਦਾ ਤਾਂ ਘਰ ਦਾ ਸਾਰਾ ਪਰਦਾ ਚੁੱਕਿਆ ਜਾਣਾ ਸੁਭਾਵਿਕ ਸੀ। ਚਿਰਾਗ ਦੀਨ ਦੇ ਘਰ ਦੀਆਂ ਕੰਧਾਂ ਵੀ ਬਹੁਤ ਨੀਵੀਆਂ ਸਨ। ਜਦੋਂ ਕੋਈ ਘੋੜ ਸਵਾਰ ਜਾਂ ਗੱਡੀ ਤੇ ਸਵਾਰ ਹੋਕੇ, ਚਿਰਾਗ ਦੀਨ ਦੇ ਘਰ ਮੂਹਰਦੀ ਲੰਘਦਾ, ਤਾਂ ਅਕਸਰ ਰਾਹਗੀਰਾਂ ਨਾਲ ਚਿਰਾਗ ਦੀਨ ਦਾ ਝਗੜਾ ਹੁੰਦਾ। ਚਿਰਾਗ ਦੀਨ ਦਾ ਵੱਡਾ ਪੁੱਤਰ ਬਰਕਤ ਅਲੀ ਵੀ ਆਪਣੇ ਅੱਬਾ ਦਾ ਸਾਥ ਦਿੰਦਾ। ਇਸ ਤਰ੍ਹਾਂ ਨਿੱਤ ਦਿਹਾੜੇ ਕਿਸੇ ਨਾ ਕਿਸੇ ਨਾਲ ਕਲੇਸ ਹੋਈਆ ਈ ਰਹਿੰਦਾ। ਇਹ ਗੱਲ ਵੀ ਸਪੱਸ਼ਟ ਐ ਕਿ ਘੋੜ ਸਵਾਰੀ ਜਾਂ ਬੈਲ ਗੱਡੀ ਦੀ ਸਵਾਰੀ ਵੱਡੇ ਜ਼ਿਮੀਂਦਾਰ ਹੀ ਕਰਦੇ ਸਨ। ਇਸ ਤਰ੍ਹਾਂ ਇੱਕ ਜ਼ਿਮੀਂਦਾਰਾਂ ਦੇ ਪ੍ਰੀਵਾਰ ਨਾਲ ਚਿਰਾਗ ਦੀਨ ਦਾ ਕਲੇਸ਼ ਵਧ ਗਿਆ। ਇੱਕ ਦਿਨ ਚਿਰਾਗ ਦੀਨ ਦਾ ਵੱਡਾ ਪੁੱਤਰ ਬਰਕਤ ਅਲੀ ਘਰ ਨਾ ਆਇਆ। ਦੂਸਰੇ ਦਿਨ ਉਸਦੀ ਲਾਸ਼ ਪਿੰਡ ਦੇ ਛੱਪੜ ਲਾਗਿਉਂ ਮਿਲੀ। ਬਰਕਤ ਅਲੀ ਦੀ ਮੌਤ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਪੁੱਤਰ ਦੇ ਸਦਮੇ ਵਿੱਚ ਮਾਂ ਪ੍ਰਾਣ ਤਿਆਗ ਗਈ ਤੇ ਪਿਤਾ ਪਾਗਲ ਹੋ ਕੇ ਘਰ ਛੱਡ ਗਿਆ। ਦੋ ਨਿੱਕੀਆਂ ਭੈਣਾਂ ਅਤੇ ਘਰ ਦਾ ਭਾਰ ਨਿਆਣੇ ਮਨਜ਼ੂਰ ਹੁਸੈਨ ਤੇ ਆਣ ਪਿਆ। ਦੂਸਰੇ ਪਾਸੇ ਸ਼ੱਕ ਦੇ ਆਧਾਰ ਤੇ ਜ਼ਿਮੀਂਦਾਰਾਂ ਦੇ ਇੱਕ ਲੜਕੇ ਨੂੰ ਪੁਲਿਸ ਨੇ ਫੜਿਆ ਪਰ ਕੋਈ ਭਰੋਸੇਮੰਦ ਗਵਾਹੀ ਨਾ ਹੋਣ ਕਰਕੇ, ਸ਼ੱਕ ਦੇ ਆਧਾਰ ਤੇ ਕੋਈ ਕਾਰਵਾਈ ਸੰਭਵ ਨਹੀਂ ਸੀ। ਇਸ ਕਰ ਕੇ ਜ਼ਿਮੀਂਦਾਰਾਂ ਦਾ ਲੜਕਾ ਚਾਰ ਦਿਨਾਂ ਬਾਅਦ ਬਾਹਰ ਆ ਗਿਆ। ਭਰਾ ਦਾ ਕਾਤਲ ਮਨਜ਼ੂਰ ਹੁਸੈਨ ਦੀਆਂ ਅੱਖਾਂ ਵਿੱਚ ਕਣ ਵਾਂਗੂੰ ਰੜਕਣ ਲੱਗਾ ਤੇ ਉਹ ਕਰ ਕੁੱਝ ਵੀ ਨਹੀਂ ਸੀ ਸਕਦਾ।

ਮਨਜ਼ੂਰ ਹੁਸੈਨ ਬਚਪਨ ਤੋਂ ਖੁੱਲ੍ਹੇ ਡੀਲ ਡੌਲ ਦਾ ਮਾਲਕ ਸੀ। ਬਚਪਨ ਵਿੱਚ ਹੀ ਉਸ ਨੂੰ ਪਹਿਲਵਾਨੀ ਤੇ ਕਬੱਡੀ ਦਾ ਬਹੁਤ ਸ਼ੌਕ ਸੀ। ਇਸੇ ਉਮਰੇ ਹੀ ਉਸਨੂੰ ਗਾਉਣ ਦਾ ਤੇ ਸ਼ੇਅਰੋ ਸ਼ਾਇਰੀ ਦਾ ਵੀ ਸ਼ੌਕ ਵੀ ਪੈ ਗਿਆ ਸੀ। ਭਾਵੇਂ ਮਨਜ਼ੂਰ ਹੁਸੈਨ ਦੇ ਖਾਨਦਾਨ ਵਿੱਚ ਕਿਸੇ ਨੂੰ ਵੀ ਗਾਇੱਕੀ ਜਾਂ ਸ਼ਾਇਰੀ ਦਾ ਸ਼ੌਕ ਨਹੀਂ ਸੀ ਪਰ ਮਨਜ਼ੂਰ ਹੁਸੈਨ ਦਾ ਮਾਮਾ ਸਾਈਂ ਬਰਕਤ ਖਾਨ ਜੰਡਿਆਲੇ ਵਾਲਾ ਆਪਣੇ ਸਮੇਂ ਦਾ ਮਸ਼ਹੂਰ ਗਵਈਆ ਸੀ। ਮਨਜ਼ੂਰ ਹੁਸੈਨ ਨੇ ਆਪਣੇ ਬਚਪਨ ਦੇ ਦਿਨ ਆਪਣੇ ਨਾਨਕੇ ਘਰ ਆਪਣੇ ਮਾਮੇ ਕੋਲ ਗੁਜ਼ਾਰੇ ਸਨ। ਉਸ ਦਾ ਮਾਮਾ ਸਾਈਂ ਬਰਕਤ ਖਾਨ ਜੰਡਿਆਲੇ ਵਾਲਾ ਹੀ ਮਨਜ਼ੂਰ ਹੁਸੈਨ ਦਾ ਪਹਿਲਾ ਉਸਤਾਦ ਸੀ, ਜਿਸ ਤੋਂ ਉਸਨੇ ਗਾਇੱਕੀ ਦੀ ਮੁੱਢਲੀ ਤਾਲੀਮ ਲਈ। (ਦੇਸ਼ ਦੀ ਵੰਡ ਉਪਰੰਤ ਪਾਕਿਸਤਾਨ ਜਾ ਕੇ ਮਨਜ਼ੂਰ ਹੁਸੈਨ ਨੇ ਬੜੇ ਗੁਲਾਮ ਅਲੀ ਖਾਨ ਦੇ ਛੋਟੇ ਭਰਾ ਉਸਤਾਦ ਮੁਬਾਰਕ ਅਲੀ ਖਾਨ ਨੂੰ ਆਪਣਾ ਉਸਤਾਦ ਧਾਰਿਆ)।

ਆਪਣੇ ਵੱਡੇ ਭਰਾ ਦੇ ਕਤਲ ਹੋਏ ਨੂੰ ਕਾਫੀ ਸਮਾਂ ਹੋ ਚੁਕਿਆ ਸੀ। ਮਨਜ਼ੂਰ ਹੁਸੈਨ ਵੀ ਜਵਾਨ ਹੋ ਚੁੱਕਿਆ ਸੀ। ਕਬੱਡੀ ਤੇ ਪਹਿਲਵਾਨੀ ਦੇ ਨਾਲ ਨਾਲ ਉਸ ਦਾ ਗਾਇੱਕੀ ਦਾ ਸ਼ੌਕ ਵੀ ਪ੍ਰਬਲ ਹੋ ਚੁੱਕਾ ਸੀ। ਇੱਕ ਦਿਨ ਮਨਜ਼ੂਰ ਹੁਸੈਨ ਸੱਥ ਵਿੱਚ ਗਾ ਰਿਹਾ ਸੀ ਤਾਂ ਜਿਸ ਜ਼ਿਮੀਂਦਾਰ ਨੇ ਉਸ ਦੇ ਭਰਾ ਦਾ ਕਤਲ ਕੀਤਾ ਸੀ ਉਹ ਵੀ ਸੱਥ ਵਿੱਚ ਆਕੇ ਮਨਜ਼ੂਰ ਹੁਸੈਨ ਨੂੰ ਸਿੰਗੜੀਆਂ ਛੇੜਨ ਲੱਗ ਪਿਆ। ਮਨਜ਼ੂਰ ਤੋਂ ਬਰਦਾਸ਼ਤ ਤਾਂ ਨਹੀਂ ਹੋਇਆ ਪਰ ਉਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਵੇਲਾ ਸੰਭਾਲਿਆ। ਦੁਸ਼ਮਣ ਦੀਆਂ ਹਰਕਤਾਂ ਨੂੰ ਘੁੱਟਾਂ-ਬਾਟੀ ਪੀ ਗਿਆ। ਪਰ ਕੁੱਝ ਦਿਨਾਂ ਬਾਅਦ ਹੀ ਮਨਜ਼ੂਰ ਨੇ ਉਸ ਜ਼ਿਮੀਂਦਾਰ ਤੋਂ ਆਪਣੇ ਭਰਾ ਦਾ ਬਦਲਾ ਲੈ ਲਿਆ। ਮਨਜ਼ੂਰ ਨੇ ਜ਼ਿਮੀਂਦਾਰ ਦਾ ਕਤਲ ਕਰ ਦਿੱਤਾ। ਕਤਲ ਵੀ ਓਸੇ ਢੰਗ ਨਾਲ ਜਿਸ ਨਾਲ ਉਸ ਦੇ ਭਰਾ ਦਾ ਕੀਤਾ ਗਿਆ ਸੀ। ਭਾਵ ਮੌਕੇ ਦਾ ਗਵਾਹ ਕੋਈ ਨਹੀਂ ਸੀ। ਪੁਲਿਸ ਨੇ ਮਨਜ਼ੂਰ ਹੁਸੈਨ ਨੂੰ ਗ੍ਰਿਫ਼ਤਾਰ ਕਰ ਲਿਆ। ਮੁਕੱਦਮਾ ਚੱਲਿਆ।ਕੋਈ ਮੌਕੇ ਦਾ ਗਵਾਹ ਨਾ ਹੋਣ ਕਰਕੇ ਸ਼ੱਕ ਦੇ ਆਧਾਰ 'ਤੇ ਮੁਕੱਦਮਾ ਵੀ ਕਿੰਨੀ ਕੁ ਦੇਰ ਚੱਲ ਸਕਦਾ ਹੈ। ਜਦੋਂ ਮੁੱਦਈ ਮਨਜ਼ੂਰ ਹੁਸੈਨ ਨੂੰ ਕਾਤਲ ਸਾਬਤ ਕਰਨ ਵਿੱਚ ਅਸਫ਼ਲ ਹੋ ਗਏ ਤਾਂ ਅਦਾਲਤ ਨੇ ਮਨਜ਼ੂਰ ਹੁਸੈਨ ਨੂੰ ਰਿਹਾਅ ਕਰ ਦਿੱਤਾ। ਉਪਰੰਤ 1946 ਦੀਆਂ ਚੋਣਾਂ ਵੇਲੇ ਮਨਜ਼ੂਰ ਹੁਸੈਨ ਮੁਸਲਿਮ ਲੀਗ ਦੇ ਜਲਸਿਆਂ ਵਿੱਚ ਭਾਗ ਲੈਣ ਲੱਗ ਪਿਆ। ਆਪਣੇ ਗੀਤਾਂ ਰਾਹੀਂ ਮੁਸਲਿਮ ਲੀਗ ਦੀਆਂ ਸਟੇਜਾਂ 'ਤੇ ਮੁਸਲਮਾਨਾਂ ਨੂੰ ਲਾਮਬੰਦ ਕਰਨ ਲੱਗ ਪਿਆ।

1947 ਵਿੱਚ ਦੇਸ਼ ਦੀ ਵੰਡ ਹੋ ਗਈ। ਮਨਜ਼ੂਰ ਹੁਸੈਨ ਨਵੇਂ ਬਣੇ ਮੁਲਕ ਪਾਕਿਸਤਾਨ ਵਿੱਚ ਚਲਾ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਮਨਜ਼ੂਰ ਹੁਸੈਨ ਦੀ ਜ਼ਿੰਦਗੀ ਦਾ ਅਗਲਾ ਪੜਾਅ ਸ਼ੁਰੂ ਹੋਇਆ। ਪਾਕਿਸਤਾਨ ਜਾ ਕੇ ਮਨਜ਼ੂਰ ਹੁਸੈਨ ਕੁੱਝ ਦੇਰ ਨਾਰੋਵਾਲ ਰਿਹਾ

ਅੱਗੇ ਵਧਣ ਤੋਂ ਪਹਿਲਾਂ ਇੱਥੇ ਇੱਕ ਹੋਰ ਗੱਲ ਦੱਸਣੀ ਚਾਹੁੰਦਾ ਹਾਂ ਕਿ ਮਨਜ਼ੂਰ ਹੁਸੈਨ ਝੱਲਾ ਕਿਵੇਂ ਬਣਿਆ। 'ਝੱਲਾ' ਤਖੱਲਸ ਉਸਨੂੰ ਕਿੱਥੋਂ ਮਿਲਿਆ।

ਉਸ ਜ਼ਮਾਨੇ ਵਿੱਚ ਜਵਾਨ ਹੋਣ ਤੋਂ ਪਹਿਲਾਂ ਮੁੰਡੇ ਕੁੜੀਆਂ ਇੱਕੱਠੇ ਹੀ ਖੇਡਦੇ ਹੁੰਦੇ ਸਨ। ਬੱਚਿਆਂ ਵਿੱਚ ਕੋਈ ਉੱਚੀ ਨੀਵੀਂ ਤਕਰਾਰ ਵੀ ਹੋ ਜਾਂਦੀ। ਇੱਕ ਦਿਨ ਮਨਜ਼ੂਰ ਤੇ ਇੱਕ ਕੁੜੀ ਖੇਡਦੇ ਪਏ ਸਨ ਕਿ ਥ੍ਰੋੜੀ ਤਕਰਾਰ ਹੋ ਗਈ। ਦੂਸਰੇ ਦਿਨ ਉਸ ਕੁੜੀ ਨੇ ਮਨਜ਼ੂਰ ਨੂੰ ਆਪਣੇ ਬਾਪ ਨਾਲ ਗੱਲਾਂ ਕਰਦੇ ਦੇਖ ਲਿਆ। ਕੁੜੀ ਨੂੰ ਸ਼ੱਕ ਹੋ ਗਿਆ ਕਿ ਮਨਜ਼ੂਰ ਮੇਰੇ ਬਾਪ ਕੋਲ ਮੇਰੀਆਂ ਸ਼ਿਕਾਇਤਾਂ ਲਾ ਰਿਹਾ ਹੈ। ਕੁੱਝ ਦਿਨਾਂ ਬਾਅਦ ਜਦੋਂ ਮਨਜ਼ੂਰ ਜਾ ਰਿਹਾ ਸੀ ਤੇ ਕੁੜੀ ਨੇ ਮਨਜ਼ੂਰ ਨੂੰ ਆਵਾਜ਼ ਮਾਰੀ

**ਵੇ ਝੱਲਿਆ !**

**ਤੂੰ ਕੱਲ੍ਹ ਮੇਰੇ ਬਾਪ ਨਾਲ ਕੀ ਗੱਲਾਂ ਕਰਦਾ ਸੀ? ਤੂੰ ਤਾਂ ਜਮ੍ਹਾਂ ਈ ਝੱਲਾ ਏਂ**

ਮਨਜ਼ੂਰ ਹੁਸੈਨ ਨੂੰ ਉਸ ਕੁੜੀ ਦੇ ਮੂੰਹੋਂ ਆਪਣੇ ਆਪ ਲਈ 'ਝੱਲਾ' ਸ਼ਬਦ ਸੁਣਨਾ ਭਾਅ ਗਿਆ। ਬੱਸ ਉਸ ਦਿਨ ਤੋਂ ਬਾਅਦ ਸਦਾ ਲਈ ਹੀ ਮਨਜ਼ੂਰ ਹੁਸੈਨ ਨੇ ਆਪਣੇ ਨਾਮ ਨਾਲ 'ਝੱਲਾ' ਤਖੱਲਸ ਜੋੜ ਲਿਆ ਕੁੱਝ ਦੇਰ ਨਾਰੋਵਾਲ ਰਹਿਣ ਤੋਂ ਬਾਅਦ ਝੱਲੇ ਨੇ ਇੱਕਬਾਲ ਬੇਗਮ ਨਾਲ ਵਿਆਹ ਕਰਵਾ ਕੇ ਕਸੂਰ ਲਾਗੇ ਚੁਣੀਆਂ ਖਾਸ ਜਾ ਡੇਰਾ ਲਾਇਆ। ਬਹੁਤ ਥੋੜ੍ਹੇ ਵਕਫੇ ਵਿੱਚ ਹੀ ਇੱਕਬਾਲ ਬੇਗਮ ਦੀ ਮੌਤ ਹੋ ਗਈ। ਝੱਲਾ ਇੱਕ ਵਾਰ ਫੇਰ ਟੁੱਟ ਗਿਆ। ਲੁੱਟਿਆ, ਪੁੱਟਿਆ, ਟੁੱਟਿਆ ਝੱਲਾ ਫੇਰ ਪ੍ਰਵਾਸ ਕਰਦੇ ਖੁੱਡੀਆਂ ਖਾਸ ਜਾ ਪਹੁੰਚਾ। ਇੱਕਬਾਲ ਬੇਗਮ ਦੀ ਮੌਤ ਤੋਂ ਬਾਅਦ ਝੱਲੇ ਦੀ ਸ਼ਾਇਰੀ ਵਿੱਚ ਹੋਰ ਦਰਦ ਭਰ ਗਿਆ ਸੀ। ਉਸ ਸਮੇਂ ਲੋਕ ਸ਼ਾਇਰਾਂ ਅਦੀਬਾਂ ਦੀ ਇੱਜ਼ਤ ਕਰਦੇ ਸਨ। ਖੁੱਡੀਆਂ ਖਾਸ ਦੇ ਇੱਕ ਸਰਦੇ ਪੁੱਜਦੇ ਤੇ ਕਲਾ ਪ੍ਰੇਮੀ ਜ਼ਿਮੀਂਦਾਰ ਖੁਸ਼ੀ ਮੁਹੰਮਦ ਨੇ ਝੱਲੇ ਨੂੰ ਆਪਣਾ ਖਾਲੀ ਪਿਆ ਮਕਾਨ ਰੈਣ ਬਸੇਰੇ ਲਈ ਦੇ ਦਿੱਤਾ। ਝੱਲਾ ਖੁਸ਼ੀ ਮੁਹੰਮਦ ਦੇ ਖੇਤਾਂ ਵੱਲ ਗੇੜਾ ਮਾਰ ਆਉਂਦਾ। ਸ਼ੇਅਰੋ ਸ਼ਾਇਰੀ ਕਰਦਾ ਰਹਿੰਦਾ, ਗਾਉਂਦਾ ਰਹਿੰਦਾ। ਖੁੱਡੀਆਂ ਖਾਸ ਦੇ ਵਸਨੀਕਾਂ ਵਿੱਚ ਝੱਲੇ ਦੀ ਚੰਗੀ ਭੱਲ ਬਣ ਗਈ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

**ਖੁੰਬਾਂ ਵਾਂਗੂੰ ਉੱਗੇ ਪੇਜਾਂ ਤੇ ਯੂ ਟੂਬਰਾਂ ਨੇ ਕਿਸਾਨਾਂ ਨੂੰ ਬਹੁਤ ਭੰਬਲਭੂਸੇ ਚ ਪਾਇਆ ਹੋਇਆ ਹੈ । ਐਨੇ ਦਿਨਾਂ ਦੀ ਕਣਕ ਨੂੰ ਪਾਣੀ ਲਾਓ , ਐਨੇ ਦਿਨਾਂ ਤੇ ਰੇਹ ਸੁੱਟੋ , ਐਨੇ ਦਿਨਾਂ ਤੇ ਆਹ ਸਪਰੇ ਕਰੋ ਆਹ ਛਿੜਕੋ , ਓਹ ਛਿੜਕੋ । ਫਲਾਣੀ ਦਾ ਰਿਜਲਟ ਸਿਰਾ , ਫਲਾਣੇ ਥਾਂ ਇੰਡੀਆ ਦੀਆਂ ਸਭ ਤੋਂ ਸਸਤੀਆਂ ਦਵਾਈਆਂ । ਇੱਕ ਦੋ ਨੂੰ ਸੁਣ ਕੇ ਹਾਸੀ ਵੀ ਆਈ ਕਲੋਰੋਫਿਲ ਨੂੰ ਕਲੋਰੋਫਾਰਮ ਤੇ ਮਾਈਕਰੋਸਕੋਪ ਨੂੰ ਮਾਈਕਰੋਵੇਵ ਹੀ ਦੱਸ ਰਹੇ ਸੀ ।**

# ਭਲਾਂ ਕਣਕ ਨੂੰ ਐਨੀਆਂ ਸਪਰੇਆਂ ਦੀ ਲੋੜ ਹੈ ?




ਸਾਡੇ ਪਿਓ ਦਾਦੇ ਦਿਨ ਗਿਣਕੇ ਪਾਣੀ ਲਾਉਂਦੇ ਸੀ ? ਉਹ ਕਿਸਾਨ ਹੀ ਕਾਹਦਾ ਜਿਸ ਨੂੰ ਇਹ ਪਤਾ ਨਾ ਲੱਗੇ ਕਿ ਪੈਲੀ ਹੁਣ ਪਾਣੀ ਮੰਗਦੀ ਹੈ । ਦਿਨਾਂ ਦਾ ਕੀ ਮਤਲਬ ? ਹਰ ਥਾਂ ਵੱਖੋ ਵੱਖਰੇ ਹਲਾਤ ਅਤੇ ਬੀਜਾਈ ਸਮੇਂ ਦੀ ਸਿਲ੍ਹ ਅਤੇ ਬੀਜਾਈ ਦੇ ਢੰਗ ਤੇ ਬਹੁਤ ਕੁੱਝ ਨਿਰਭਰ ਕਰਦਾ ਹੈ ।ਐਂਤਕੀ ਕਈਆਂ ਕਿਸਾਨਾਂ ਜੀਰੋ ਡਰਿੱਲ ਤੇ ਹੈਪੀ ਸ਼ੀਡਰ ਦੀ ਬੀਜਾਈ ਵਾਲਿਆਂ ਨੇ ਇਨ੍ਹਾਂ ਮਗਰ ਲੱਗ ਕੇ 19ਵੇਂ ਦਿਨ ਪਾਣੀ ਲਾਕੇ ਕਣਕ ਦੀ ਫੱਟੀ ਪੋਚ ਲਈ , ਕਿਉਂਕਿ ਇਸ ਵਿਧੀ ਨਾਲ ਬੀਜਾਈ ਕੀਤੀ ਕਣਕ ਪਾਣੀ ਤੋਂ ਬਾਅਦ ਫੁਟਾਰੇ ਵਾਲੀ ਥਾਂ ਮਿੱਟੀ ਭਰ ਜਾਣ ਕਾਰਨ ਫੁਟਾਰਾ ਹੀ ਨਹੀਂ ਕਰਦੀ । ਫਿਰ ਫੁਟਾਰੇ ਵਾਲੀਆਂ ਦਵਾਈਆਂ ਦੇ ਪ੍ਰਚਾਰ ਤੇ ਜੋਰ ।

ਇੱਕ ਭਲੇਮਾਣਸ ਨੇ ਅੱਧੇ ਪੰਜਾਬ ਦੀਆਂ ਕਣਕਾਂ 'ਤੇ ਜਿਬਰੈਲਿਕ ਐਸਿਡ ਹੀ ਛਿੜਕਾਅ ਦਿੱਤਾ , ਇਕ ਸਵਰਗੀ ਗਾਇਕ ਦੇ ਨਾਮ ਤੇ ਬਰਾਂਡ ਬਣਾ ਕੇ ਵੇਚਿਆ ਵੀ ਦੋ ਤੋਂ ਢਾਈ ਗੁਣਾ ਰੇਟ ਤੇ । ਇੱਕ ਕਹਿੰਦਾ ਇਹ ਬਰਾਂਡ ਅਸਲੀ ਹੈ , ਦੂਜਾ ਕਹਿੰਦਾ ਮੇਰੇ ਵਾਲਾ । ਮੇਲੇ ਚ ਪੇਂਦੂ ਬੇਰਾਂ ਵਾਂਗੂੰ ਹੋਕਰੇ ਮਾਰ ਮਾਰ ਕੇ ਦਵਾਈਆਂ ਵੇਚੀਆਂ ਜਾ ਰਹੀਆਂ ਹਨ ।

ਲੋਕ ਵੀ ਐਡੇ ਬੂਝੜ ਕਿ ਸੌ ਸੌ ਕਿਲੋਮੀਟਰ ਤੋਂ ਲਿਜਾ ਰਹੇ ਹਨ , ਇਹ ਨੀ ਵੇਖਦੇ ਕਿ ਇਹਦੇ ਵਿੱਚ ਕੀ ਹੈ ? ਇਹਦਾ ਰੇਟ ਕੀ ਹੈ ? ਕੀ ਇਹਦੀ ਲੋੜ ਵੀ ਹੈ ? ਜਿਬਰੈਲਿਕ ਐਸਿਡ ਜੋ ਫ਼ਸਲ ਦਾ ਸਿਰਫ ਵਾਧਾ ਹੀ ਕਰਦਾ ਹੈ , ਖਾਸ ਹਲਾਤਾਂ ਚ ਹੀ ਛਿੜਕਾਅ ਕੀਤਾ ਜਾਂਦਾ ਪਰ ਲੋਕ ਚੰਗੀਆਂ ਭਲੀਆਂ ਕਣਕਾਂ ਤੇ ਵੇਖੋ ਵੇਖੀ ਛਿੜਕਾਅ ਕਰੀ ਜਾ ਰਹੇ । ਦੋ ਚਾਰ ਪੰਡਾਂ ਤੂੜੀ ਦੀਆਂ ਵਧ ਜਾਣ ਤਾਂ ਵੱਖਰੀ ਗੱਲ ਐ ਪਰ ਫਸਲ ਦਾ ਝਾੜ ਲਈ ਮੁੱਖ ਖੁਰਾਕੀ ਤੱਤਾਂ ਅਤੇ ਮੌਸਮ ਤੇ ਨਿਰਭਰ ਹੈ ।

ਭਰਾਵੋ ! ਖੇਤੀ ਆਪਣੇ ਨਿੱਜੀ ਤਜਰਬਿਆਂ ਅਧਾਰਿਤ ਕਰੋ । ਖੇਤੀਬਾੜੀ ਮਹਿਕਮੇ ਦੀਆਂ ਸਿਫਾਰਸ਼ਾਂ ਅਨੁਸਾਰ ਕਰੋ । ਹਰ ਸਾਲ ਖੇਤ ਦੀ ਮਿੱਟੀ ਟੈਸਟ ਕਰਵਾਓ , ਲੋੜ ਅਨੁਸਾਰ ਸਹੀ ਮਿਕਦਾਰ ਚ ਖਾਦਾਂ ਵਰਤੋ । ਇਨ੍ਹਾਂ ਨੂੰ ਤਾਂ ਵਿਊਜ ਦੇ ਪੈਸੇ ਮਿਲਦੇ ਨੇ , ਕੰਪਨੀਆਂ ਤੇ ਦੁਕਾਨਾਂ ਵਾਲਿਆਂ ਤੋਂ ਮਸ਼ਹੂਰੀਆਂ ਦੇ ਅੱਡ ਲੈਂਦੇ ਨੇ ।

ਦੋ ਚਾਰ ਚੰਗੇ ਵੀ ਹੈਗੇ ਨੇ ਜੋ ਬਿਨਾਂ ਲਾਲਚ ਸਹੀ ਜਾਣਕਾਰੀ ਦਿੰਦੇ ਨੇ ਪਰ ਜਿਆਦਾਤਰ ਕਾਟੂ ਮਾਲ ਹੀ ਹੈ । ਪਿੱਛੇ ਜਿਹੇ ਇੱਕ ਯੂਟਬਰ ਦਾ ਇੱਕ ਕੰਪਨੀ ਨਾਲ ਪੰਗਾ ਪਿਆ ਸੀ ਤਾਂ ਸਾਰੇ ਇਕੱਠੇ ਹੋ ਗੇ ਸੀ ਪਰ ਕਿਸਾਨਾਂ ਨੂੰ ਗੁੰਮਰਾਹ ਕਰਕੇ ਬੇਲੋੜੀਆਂ ਦਵਾਈਆਂ ਛਿੜਕਾਅ ਵਾਲੇ ਮੁੱਦੇ ਤੇ ਸਾਰੇ (ਚੰਗੇ ਵੀ ) ਚੁੱਪ ਨੇ ।

ਕੋਈ ਯੂਟੂਬਰ ਕਦੇ ਇਹ ਕਹਿੰਦਾ ਸੁਣਿਆ ਕਿ ਬਿਨਾਂ ਰੇਹ ਸਪਰੇਅ ਤੋਂ ਖੇਤ ਖਾਣ ਲਈ ਕਨਾਲ ਸ਼ਬਜੀ ਦੀ ਹੀ ਬੀਜ ਲਓ । ਕੋਈ ਕਹਿੰਦਾ ਸੁਣਿਆ ਕਿ ਘਰ ਲਵੇਰੇ ਰੱਖ ਕੇ ਖਾਣ ਪੀਣ ਲਈ ਸ਼ੁੱਧ ਦੁਧ ਘਿਓ ਪੈਦਾ ਕਰੋ ਤੇ ਖੇਤ ਚ ਰੂੜੀ ਦੀ ਖਾਦ ਪਾਓ । ਆਹ ਛਿੜਕ ਦਿਓ , ਔਹ ਛਿੜਕ ਦਿਓ , ਸਭ ਪੈਸੇ ਦੇ ਪੀਰ ਨੇ।




**(ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਸੌਣ ਮਹੀਨੇ ਕੱਚੀ ਕੰਧ ਦੇ ਲਿਉੜ ਵਾਂਗੂੰ ਆਪਣੇ ਆਪ ਹੀ ਡਿੱਗਿਆ ਮੈਟਰ)**




# ਚੰਨ ਨੂੰ ਆਬਾਦ ਕਰਨ ਵਾਲਿਓ

**ਚੰਨ ਨੂੰ ਆਬਾਦ ਕਰਨ ਵਾਲਿਓ**
**ਧਰਤੀ ਨੂੰ ਬਰਬਾਦੀ ਤੋਂ ਰੋਕੋ**

(ਰਣਧੀਰ ਚੰਦ)

ਪਿਛਲੇ ਕੁੱਝ ਅਰਸੇ ਤੋਂ ਵਕਤ ਦੀ ਰਫ਼ਤਾਰ ਮਸ਼ੀਨੀ ਯੁਗ ਨਾਲ ਕਦਮਤਾਲ ਕਰਦੀ ਏਨੀ ਵਧ ਗਈ ਹੈ ਕਿ ਆਮ ਚਾਲ ਵਾਲ਼ੇ ਨੂੰ ਤਾਂ ਡਾਹ ਹੀ ਨਹੀਂ ਮਿਲਦੀ। ਸਾਡੀ ਪੀੜ੍ਹੀ ਜੋ ਧੀਮੀ ਚਾਲ ਨਿਭਾਉਂਦੇ ਠਰ੍ਹੰਮਾਂ ਪਾਲ਼ਦੇ ਰਹੇ, ਉਨ੍ਹਾਂ ਲਈ ਸਮਾ ਅਤੇ ਦੇਹੀ ਵਿੱਚਕਾਰ ਪੈ ਰਹੀ ਵਿੱਥ ਹੀ ਸਾਨੂੰ ਅੰਦਰ ਤਕ ਵਲੂੰਧਰ ਰਹੀ ਹੈ। ਅਸੀਂ ਜਦ ਛੋਟੇ ਸੀ ਤਾਂ ਮਹੀਨੇ, ਵਰ੍ਹੇ ਜਾਂ ਦਹਾਕੇ ਜਿਉਂਦੇ ਰਹੇ ਹਾਂ। ਪਰ ਹੁਣ ਦੇ ਲੋਕ ਸ਼ਾਰਟਕੱਟ ਭਾਲ਼ਦੇ ਬੱਸ ਪਲਾਂ ਛਿਣਾਂ ਵਿੱਚ ਹੀ ਜਿਉਣ ਦੀ ਲਾਲਸਾ ਰਖਦੇ ਸਨ। ਹੁਣ ਯਾਦ ਆਉਂਦਾ ਹੈ, ਛੁੱਟੀਆਂ ਵਿੱਚ ਮੈਂ ਆਪਣੇ ਨਿੱਕੇ ਨਿੱਕੇ ਪੈਰਾਂ ਨਾਲ਼ ਕਦਮ ਧਰਦੀ ਨੇੜੇ ਦੇ ਖੇਤ ਤਕ ਕਈ ਵਾਰ ਬਾਬਾ ਜੀ ਦੀ ਰੋਟੀ ਫੜਾਉਣ ਲੁਹਾਰਾਂ ਦੀ ਚਰਨੋ ਨਾਲ਼ ਜਾਂਦੀ ਹੁੰਦੀ ਸੀ ਤਾਂ ਉਹ ਕੱਚਾ ਪਹਿਆ ਕੋਹਾਂ ਦੂਰ ਲੱਗਦਾ ਸੀ। ਪਰ ਹੁਣ ਕਾਰ ਵਿੱਚ ਬੈਠ ਕੇ ਝੱਟ ਹੀ ਲੰਘ ਜਾਂਦਾ ਹੈ। ਹਾਲੇ ਜੀਅ ਭਰ ਕੇ ਦੇਖਿਆ ਵੀ ਨਹੀਂ ਹੁੰਦਾ ਤੇ ਉਹ ਅੱਖੋਂ ਓਝਲ ਹੋ ਜਾਂਦਾ ਹੈ। ਐਨਾ ਨੇੜੇ ਦੀ ਵਾਟ ਪਲਕ ਝਪਕਦੇ ਹੀ ਲੰਘ ਜਾਂਦੀ ਹੈ। ਸਾਡੇ ਪਿੰਡ ਤਾਂ ਰਾਤ ਪੈਣ ਤੋਂ ਪਹਿਲਾਂ ਸ਼ਾਮ ਵੀ ਪੈਂਦੀ ਸੀ। ਉਸ ਦਾ ਪੇਤਲ਼ਾ ਪੈ ਰਿਹਾ ਹਨੇਰਾ ਰਹੱਸਮਈ ਲੱਗਦਾ ਸੀ। ਮੈਂ ਆਪਣੇ ਆਪ ਨੂੰ ਬਚਪਨ ਦੀ ਬੱਚੀ ਕੋਲ਼ ਜਾ ਕੇ ਸੋਚਦੀ ਹਾਂ ਉਸ ਪਹੇ ਤੇ ਪਿਆ ਟੈਲਕਮ ਪਾਊਡਰ ਵਰਗਾ ਰੇਤਾ ਪੈਰਾਂ ਨੂੰ ਕੂਲ਼ਾ ਕੂਲ਼ਾ ਲੱਗਦਾ ਸੀ। ਕਈ ਵਾਰ ਉੱਥੋਂ ਚੁਭਿਆ ਕੰਡਾ ਅੱਜ ਵੀ ਪੀੜ ਯਾਦ ਕਰਵਾ ਜਾਂਦਾ ਹੈ। ਅੱਧ ਰਾਹ ਵਿੱਚ ਆਉਂਦਾ ਕੇਸੂ ਦੇ ਸੂਹੇ ਫੁੱਲ ਵਾਲ਼ਾ ਰੁੱਖ ਸਾਡੀ ਢਾਰਸ ਬਣਦਾ ਸੀ। ਅੱਜ ਐਨੀ ਬਾਰੀਕੀ ਨਾਲ਼ ਦੁਆਲ਼ੇ ਨੂੰ ਨੀਝ ਲਾ ਕੇ ਵੇਖਣ ਦੀ ਫੁਰਸਤ ਹੀ ਖੁੱਸਗੀ। ਚੀਜ਼ਾਂ ਬਦਲ ਗਈਆਂ ਜਾਂ ਸਾਡੀ ਨਜ਼ਰ ਫਿੱਕੀ ਹੋ ਗਈ। ਲੱਗਦਾ ਹੈ ਸਾਡੀਆਂ ਸੋਚਾਂ ਦੇਹੀ ਦੇ ਮੇਚ ਦੀਆਂ ਨੀਂ ਰਹੀਆਂ। ਵਿੱਚ ਪਈ ਇਹ ਵਿੱਥ ਧੁਰ ਅੰਦਰ ਤਕ ਝੂਰਨ ਲਾ ਦਿੰਦੀ ਹੈ। ਇਸੇ ਲਈ ਲੋਕ ਭਰੇ ਮੇਲਿਆਂ, ਇਕੱਠਾਂ ਜਾਂ ਦੋਸਤਾਂ ਵਿੱਚ ਵੀ ਸੱਖਣ ਲੈ ਕੇ ਆਉਂਦੇ ਹਨ। ਇਨ੍ਹਾਂ ਸਭ ਵਿਰਲਾਂ ਨੂੰ ਭਰਨ ਵਾਸਤੇ ਅਸੀਂ ਘਰੋਂ ਨਿਕਲਦੇ ਹਾਂ। ਇੱਕ ਸਾਧਨ ਕਲਾ ਹੈ ਜਿਸ ਤੋਂ ਅਸੀਂ ਅਵੇਸਲ਼ੇ ਹੋ ਰਹੇ ਹਾਂ। ਫੇਰ ਰੂਹ ਦਾ ਰੱਜ ਭਾਲ਼ਦੇ ਹਾਂ। ਲੋਕਾਂ ਕੋਲ਼ ਜਾ ਜਾ ਬੈਠਦੇ ਸੋਚਾਂ ਵਰਗੇ ਮਿੱਤਰ ਭਾਲ਼ਦੇ ਹਾਂ। ਪਰ ਉਹ ਸਾਨੂੰ ਖਾਲੀ ਥਾਂ ਭਰਨ ਜੋਗਾ ਸਮਾਂ ਹੀ ਮਿਲਦੇ ਹਨ। ਅਸੀਂ ਅੰਦਰੋਂ ਊਣੇ ਊਣੇ ਹੀ ਰਹਿ ਜਾਂਦੇ ਹਾਂ। ਇਉਂ ਹੀ ਕਿਸੇ ਦਿਨ ਸਾਹਾਂ ਦੀ ਮੁਹਲਤ ਪੁੱਗ ਜਾਂਦੀ ਹੈ। ਅਸੀਂ ਆਪਣੇ ਦੁਆਲ਼ੇ ਦੀ ਖ਼ੂਬਸੂਰਤੀ, ਨਜ਼ਾਰੇ, ਸੰਗੀਤ, ਬੋਲ, ਸ਼ਬਦ ਜਾਂ ਤਰਜ਼ ਬਿਨਾ ਗੌਲ਼ੇ ਹੀ ਅੱਗੇ ਲੰਘ ਜਾਂਦੇ ਹਾਂ।ਇਸ ਨਾਲ਼ ਇੱਕ ਤਣਾਅ, ਅਕੇਵਾਂ, ਥਕਾਵਟ, ਫ਼ਿਕਰ, ਨਿਰਾਸ਼ਾ ਜਾਂ ਬੀਮਾਰੀ ਸਭ ਆ ਘੇਰਦੇ ਹਨ। ਇਨ੍ਹਾਂ ਵਿੱਚ ਘਿਰੇ ਭੁੱਲ ਹੀ ਜਾਂਦੇ ਹਾਂ ਕਿ ਮਨ ਨੇ ਕੀ ਚਾਹਿਆ ਸੀ। ਬੱਸ ਇਹੀ ਯਾਦ ਰਹਿ ਜਾਂਦਾ ਹੈ ਅਸੀਂ ਕੀ ਗੰਵਾ ਲਿਆ ਹੈ। ਸਾਡਾ ਆਪਾ ਦੋ ਫਾੜ ਹੋਇਆ ਲੇਖੇ ਜੋਖੇ ਵਿੱਚ ਜਮ੍ਹਾਂ ਤਕਸੀਮ ਕਰਦਾ ਰੁਝਦਾ ਹੈ।ਮਜਬੂਰੀਆਂ, ਦੁਸ਼ਵਾਰੀਆਂ ਜਾਂ ਆਰਥਿਕ ਦੌੜਾਂ ਦੇ ਧੱਕੇ-ਧਕਾਏ ਏਧਰੋਂ ਉਧਰ ਦਾ ਸਫ਼ਰ ਤਹਿ ਕਰਦੇ ਹਾਂ।

ਇੱਕ ਵਾਰੀ ਇੱਕ ਮਸ਼ਹੂਰ ਵਾਇਲਨ ਵਾਦਕ 2009 ਦੀ ਜਨਵਰੀ ਦੀ ਠੰਢੀ ਸਵੇਰ ਨੂੰ ਵਾਸ਼ਿੰਗਟਨ ਵਿੱਚ ਰੇਲ ਗੱਡੀ ਦੇ ਪਲੇਟਫਾਰਮ 'ਤੇ ਵਾਇਲਨ ਵਜਾ ਰਿਹਾ ਸੀ, ਇਹ ਦੇਖਣ ਲਈ ਕਿ ਕਿੰਨੇ ਲੋਕ ਮੈਨੂੰ ਗੌਲ਼ਦੇ ਹਨ। ਭੱਜੀ ਜਾਂਦੀ ਇੱਕ ਔਰਤ ਨੇ ਇੱਕ ਡਾਲਰ ਉਸ ਵੱਲ ਸੁੱਟਿਆ ਤੇ ਗੱਡੀ ਚੜ੍ਹ ਗਈ। ਉਸ ਨੇ 45 ਮਿੰਟ ਵਾਇਲਨ ਵਜਾਈ। ਛੇ ਆਦਮੀ ਕੁੱਝ ਸਕਿੰਟਾਂ ਲਈ ਰੁਕੇ। ਇੱਕ ਤਿੰਨ ਸਾਲਾ ਬੱਚਾ ਮਾਂ ਤੋਂ ਉਂਗਲ਼ ਛੁਡਾ ਕੇ ਉਸ ਵੱਲ ਉਲਰ ਰਿਹਾ ਸੀ। ਪਰ ਮਾਂ ਉਸ ਬੱਚੇ ਦਾ ਹੱਥ ਫੜ ਉਸ ਨੂੰ ਘਸੀਟਦੀ ਹੋਈ ਗੱਡੀ ਜਾ ਚੜ੍ਹੀ। ਵੀਹ ਲੋਕ ਤੁਰੇ ਜਾਂਦੇ ਡਾਲਰ ਸੁੱਟ ਗਏ। ਉਸ ਕੋਲ਼ 32 ਡਾਲਰ ਇਕੱਠੇ ਹੋਏ। ਉਹ ਦੁਨੀਆਂ ਦਾ ਮਸ਼ਹੂਰ ਵਾਇਲਿਨਿਸਟ ਜੋਸ਼ਨ ਬੈੱਲ ਸੀ। ਹਫ਼ਤੇ ਮਗਰੋਂ ਵੀਹ ਡਾਲਰ ਦੀ ਟਿਕਟ ਨਾਲ਼ ਸਾਰਾ ਹਾਲ ਬੁੱਕ ਸੀ। ਵੱਡਾ ਹਾਲ ਭਰਿਆ ਹੋਇਆ ਸੀ। ਸਵਾਲ ਹੈ ਕਿ ਅਸੀਂ ਖ਼ੂਬਸੂਰਤੀ ਨੂੰ ਦੇਖਣਾ ਜਾਂ ਮਾਨਣਾ ਨਹੀਂ ਚਾਹੁੰਦੇ। ਕੀ ਸਾਨੂੰ ਮੰਡੀ ਹੀ ਕਾਬੂ ਕਰੀ ਫ਼ਿਰਦੀ ਹੈ।

ਇਹੀ ਕਾਰਣ ਹੈ ਕਿ ਅਸੀਂ ਰੂਹ ਦਾ ਰੱਜ ਨਹੀਂ ਲੈ ਸਕਦੇ। ਸਾਡੇ ਅੰਦਰ ਪਲ਼ੇ ਸੁਪਨੇ ਉਣੀਂਦੇ ਜਿਹੇ, ਨੁਚੜੇ ਜਿਹੇ ਜਾਂ ਪੱਛੀਆਂ ਭਾਵਨਾਵਾਂ ਵਰਗੇ ਹੋ ਜਾਂਦੇ ਹਨ। ਅਸੀਂ ਨਿਰਮੋਹੇ, ਜਜ਼ਬਾਤਾਂ ਤੋਂ ਸੱਖਣੇ, ਪਿਆਰ-ਛੋਹ ਤੋਂ ਕੋਰੇ, ਲੋਕਾਂ ਤੋਂ ਦੂਰ, ਆਪਣਿਆ ਤੋਂ ਤੂਰ, ਉਦਾਸ, ਸ਼ਿਕਵੇ ਪਾਲ਼ਦੇ, ਨਿਰਾਸ਼ ਭੀੜੀ ਸੋਚ ਦੀ ਬੀਹੀ ਜਾ ਪਏ ਹਾਂ। ਹਰ ਸਮੇਂ ਬੱਸ ਆਹੀ ਝੋਰਾ -


**ਕੀ ਬਣੂੰਗਾ ਛਪੜੀਏ ਤੇਰਾ,**
**ਸੰਨ੍ਹ ਦਰਿਆਵਾਂ ਦੇ।**

# ਗਜ਼ਲ ਮੰਚ ਸਰੀ ਵੱਲੋਂ ਪ੍ਰਸਿੱਧ ਵਿਦਵਾਨ ਡਾ. ਰਾਜਿੰਦਰ ਪਾਲ ਸਿੰਘ ਬਰਾੜ ਤੇ ਡਾ. ਚਰਨਜੀਤ ਕੌਰ ਬਰਾੜ ਨਾਲ ਰੂਬਰੂ ਅਤੇ ਸਨਮਾਨ

ਸਰੀ, (ਹਰਦਮ ਮਾਨ)-ਗਜ਼ਲ ਮੰਚ ਸਰੀ ਵੱਲੋਂ ਬੀਤੇ ਦਿਨੀਂ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਰਾਜਿੰਦਰ ਪਾਲ ਸਿੰਘ ਬਰਾੜ ਤੇ ਡਾ. ਚਰਨਜੀਤ ਕੌਰ ਬਰਾੜ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਦੋਹਾਂ ਵਿਦਵਾਨਾਂ ਨੇ ਆਪਣੇ ਜੀਵਨ ,ਅਧਿਆਪਨ ਸਫਰ ਅਤੇ ਜ਼ਿੰਦਗੀ ਦੇ ਤਜਰਬਿਆਂ ਬਾਰੇ ਵਿਆਖਿਆ ਸਾਹਿਤ ਗੱਲਬਾਤ ਕੀਤੀ।ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਮਹਿਮਾਨਾਂ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਇਸ ਵਿਦਵਾਨ ਜੋੜੀ ਨੇ ਆਪਣੀਆਂ ਸੇਵਾਵਾਂ ਰਾਹੀਂ ਪੰਜਾਬੀ ਸਾਹਿਤਕ ਖੇਤਰ ਵਿਚ ਬੜਾ ਮਾਣਮੱਤਾ ਸਥਾਨ ਹਾਸਿਲ ਕੀਤਾ ਹੈ ।ਇਹਨਾਂ ਦੇ ਅਕਾਦਮਿਕ ਕਾਰਜਾਂ ਦਾ ਖੇਤਰ ਬੜਾ ਵਸੀਹ ਹੈ ।ਡਾਕਟਰ ਰਾਜਿੰਦਰਪਾਲ ਬਰਾੜ ਯੂਨੀਵਰਸਿਟੀ ਵਿਖੇ ਊਚ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਜ਼ਮੀਨ ਨਾਲ ਜੁੜੇ ਹੋਏ ਵਿਦਵਾਨ ਹਨ ।ਅਜ ਕੱਲ੍ਹ ਸੋਸ਼ਲ ਮੀਡੀਆ ਦੀ ਯੋਗ ਵਰਤੋਂ ਕਰ ਕੇ ਡਾ. ਚਰਨਜੀਤ ਬਰਾੜ ਤੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਆਪਣਾ ਚੈਨਲ ਅਤੇ ਵਟਸਐਪ ਗਰੁੱਪ ਕਾਮਯਾਬੀ ਨਾਲ ਚਲਾ ਰਹੇ ਹਨ ਜਿੱਥੇ ਬੜੀਆਂ ਗੰਭੀਰ ਗੱਲਾਂ ਬਾਤਾਂ ਹੁੰਦੀਆਂ ਹਨ।ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਉਹਨਾਂ ਨੂੰ ਬਚਪਨ ਤੋਂ ਹੀ ਪਰਿਵਾਰ ਵਿਚ ਸਾਹਿਤਕ ਮਾਹੌਲ ਮਿਲਿਆ। ਉਹਨਾਂ ਦੇ ਪਿਤਾ ਜੀ ਅਧਿਆਪਕ ਸਨ ।ਇਸ ਤਰ੍ਹਾਂ ਉਹਨਾਂ ਨੂੰ ਘਰ ਵਿਚ ਹੀ ਅਗਾਂਹਵਧੂ ਸਾਹਿਤ ਨਾਲ ਜੁੜਨ ਦਾ ਮੌਕਾ ਮਿਲਿਆ। ਬੀਐਸਸੀ ਮੈਡੀਕਲ ਤੱਕ ਪੜ੍ਹਾਈ ਕਰ ਕੇ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਚਲੇ ਗਏ ਅਤੇ ਮੈਡੀਕਲ ਲਾਈਨ ਛੱਡ ਕੇ ਪੰਜਾਬੀ ਭਾਸ਼ਾ ਵੱਲ ਆ ਗਏ। ਇਸ ਪੜ੍ਹਾਈ ਤੋਂ ਪਹਿਲਾਂ ਉਹਨਾਂ ਨੂੰ ਸਕੂਲ ਅਧਿਆਪਕ ਦੀ ਸਰਕਾਰੀ ਨੌਕਰੀ ਵੀ ਮਿਲ ਗਈ ਸੀ ਪਰ ਉਸ ਨੂੰ ਛੱਡ ਕੇ ਹੀ ਉਹਨਾਂ ਨੇ ਐਮ ਫਿਲ ਵਿੱਚ ਦਾਖਲਾ ਲੈ ਲਿਆ ਸੀ। ਉਹਨਾਂ ਆਪਣੀ ਲਗਨ ਤੇ ਮਿਹਨਤ ਨਾਲ ਪੀਐਚਡੀ ਕਰਕੇ ਯੂਨੀਵਰਸਿਟੀ ਦੇ ਵਿੱਚ ਅਧਿਆਪਕ ਵਜੋਂ ਨੌਕਰੀ ਹਾਸਿਲ ਕੀਤੀ। ਪੰਜਾਬੀ ਯੂਨੀਵਰਸਿਟੀ ਵਿੱਚ ਹੀ ਉਹਨਾਂ ਦੀ ਮੁਲਾਕਾਤ ਅਗਾਂਹਵਧੂ ਖਿਆਲਾਂ ਦੀ ਬੜੀ ਸੰਘਰਸ਼ਸ਼ੀਲ ਸ਼ਖਸ਼ੀਅਤ ਡਾ. ਚਰਨਜੀਤ ਕੌਰ ਨਾਲ ਹੋਈ ਅਤੇ ਉਹ ਵਿਆਹ ਦੇ ਬੰਧਨ ਵਿਚ ਬੱਝ ਗਏ। ਡਾ: ਚਰਨਜੀਤ ਕੌਰ ਬਰਾੜ ਨੇ ਵੀ ਇਸ ਮੌਕੇ ਆਪਣੇ ਜੀਵਨ ਦੇ ਦਿਲਚਸਪ ਬਿਰਤਾਂਤ ਸਾਂਝੇ ਕੀਤੇ ।ਉਨ੍ਹਾਂ ਯੂਨੀਵਰਸਿਟੀ ਵਿੱਚ ਵੱਖ-ਵੱਖ ਤਰ੍ਹਾਂ ਦੇ ਸੰਘਰਸ਼ਾਂ ਵਿਚ ਪਾਏ ਆਪਣੇ ਯੋਗਦਾਨ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉਹਨਾ ਦੀਆਂ ਦੋ ਹੋਣਹਾਰ ਬੇਟੀਆਂ ਹਨ ਅਤੇ ਉਹ ਇੱਥੇ ਬੀ.ਸੀ. (ਕੈਨੇਡਾ) ਵਿਚ ਹੀ ਆਪਣੇ ਪਰਿਵਾਰਾਂ ਨਾਲ ਰਹਿ ਰਹੀਆਂ ਹਨ।ਚਾਰ ਘੰਟੇ ਲਗਾਤਾਰ ਚੱਲੇ ਇਸ ਪ੍ਰੋਗਰਾਮ ਵਿੱਚ ਇਸ ਵਿਦਵਾਨ ਜੋੜੀ ਨੇ ਇੱਕ ਤਰ੍ਹਾਂ ਸਮਾਂ ਬੰਨ ਕੇ ਰੱਖ ਦਿੱਤਾ ਅਤੇ ਇਹ ਦਿਨ ਗ਼ਜ਼ਲ ਮੰਚ ਸਰੀ ਲਈ ਇਕ ਯਾਦਗਾਰੀ ਦਿਨ ਬਣਾ ਦਿੱਤਾ। ਗੱਲਬਾਤ ਤੋਂ ਬਾਅਦ ਕਵਿਤਾਵਾਂ, ਗਜ਼ਲਾਂ ਦਾ ਦੌਰ ਚੱਲਿਆ ਜਿਸ ਵਿੱਚ ਹਾਜ਼ਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼, ਸੁਖਜੀਤ ਹੁੰਦਲ ਅਤੇ ਪ੍ਰੀਤ ਮਨਪ੍ਰੀਤ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਡਾ. ਜੋੜੀ ਨੇ ਵੀ ਇਨ੍ਹਾਂ ਰਚਨਾਵਾਂ ਦਾ ਬੜਾ ਅੱਛਾ ਪ੍ਰਭਾਵ ਕਬੂਲ ਕੀਤਾ ਅਤੇ ਉਹਨਾਂ ਨੇ ਮੰਨਿਆ ਕਿ ਪੰਜਾਬੀ ਵਿੱਚ ਜਿਹੜੀ ਖ਼ੂਬਸੂਰਤ ਗ਼ਜ਼ਲ ਸਰੀ ਦੇ ਵਿੱਚ ਰਚੀ ਜਾ ਰਹੀ ਹੈ ਉਸ ਦੇ ਵਿੱਚ ਗ਼ਜ਼ਲ ਮੰਚ ਸਰੀ ਦਾ ਬੜਾ ਵੱਡਾ ਨਾਂ ਅਤੇ ਵੱਡਾ ਯੋਗਦਾਨ ਹੈ। ਪ੍ਰੋਗਰਾਮ ਦੇ ਅੰਤ ਵਿੱਚ ਗ਼ਜ਼ਲ ਮੰਚ ਵੱਲੋਂ ਡਾ. ਰਾਜਿੰਦਰ ਪਾਲ ਸਿੰਘ ਬਰਾੜ ਤੇ ਡਾ. ਚਰਨਜੀਤ ਕੌਰ ਬਰਾੜ ਦਾ ਵਿਸ਼ੇਸ਼ ਮਹਿਮਾਨ ਵਜੋਂ ਸਨਮਾਨ ਕੀਤਾ ਗਿਆ। ਸਾਰਾ ਪ੍ਰੋਗਰਾਮ ਬਹੁਤ ਖੁਸ਼ਗਵਾਰ ਮਾਹੌਲ ਵਿੱਚ ਯਾਦਗਾਰੀ ਹੋ ਨਿਬੜਿਆ।



# ਆਫਤਾਂ ਅਤੇ ਇਨਸਾਨ ਰੂਪੀ ਗਿਰਝਾਂ



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

**ਉਸ ਵੇਲੇ ਵੀ ਅਨੇਕਾਂ ਲਾਲਚੀ ਲੋਕ ਪੀੜਤਾਂ ਦੀ ਮਦਦ ਕਰਨ ਦੀ ਬਜਾਏ ਮਰੀਜ਼ਾਂ ਦੇ ਇਲਾਜ ਲਈ ਬੇਹੱਦ ਜਰੂਰੀ ਆਕਸੀਜਨ ਅਤੇ ਰੈਮੀਡੀਸੀਵੀਅਰ ਦਵਾਈ ਦੀ ਕਾਲਾਬਜ਼ਾਰੀ ਕਰਨ ਵਿੱਚ ਰੁੱਝੇ ਹੋਏ ਸਨ। ਇੱਕ ਪਾਸੇ ਤਾਂ ਕਈ ਧਾਰਮਿਕ ਸਥਾਨ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਕਸੀਜਨ ਦੇ ਫਰੀ ਲੰਗਰ ਲਗਾਏ ਜਾਣ ਦੀਆਂ ਖਬਰਾਂ ਆ ਰਹੀਆਂ ਸਨ ਤੇ ਦੂਸਰੇ ਪਾਸੇ ਅੱਠ ਦਸ ਹਜ਼ਾਰ ਦੀ ਕੀਮਤ ਵਾਲਾ ਆਕਸੀਜਨ ਦਾ ਸਿਲੰਡਰ ਇੱਕ ਲੱਖ ਰੁਪਏ ਅਤੇ ਤਿੰਨ ਚਾਰ ਹਜ਼ਾਰ ਦੀ ਕੀਮਤ ਵਾਲਾ ਰੈਮਡੈਸੀਵੀਅਰ ਦਾ ਟੀਕਾ ਪੈਂਤੀ ਚਾਲੀ ਹਜ਼ਾਰ ਤੱਕ ਵੇਚਣ ਵਰਗੀਆਂ ਘਟੀਆ ਕਰਤੂਤਾਂ ਕੀਤੀਆਂ ਜਾ ਰਹੀਆਂ ਸਨ। ਮਰਨ ਕਿਨਾਰੇ ਪਏ ਆਪਣੇ ਪਿਆਰਿਆਂ ਨੂੰ ਬਚਾਉਣ ਖਾਤਰ ਵਾਰਸ ਕੋਈ ਵੀ ਕੀਮਤ ਦੇਣ ਨੂੰ ਤਿਆਰ ਸਨ।**

ਇਸ ਵਾਰ ਪੰਜਾਬ ਵਿੱਚ ਜਦੋਂ ਹੜ੍ਹ ਆਏ ਸਨ ਤਾਂ ਲੋਕਾਂ ਨੇ ਸਹਾਇਤਾ ਵਾਲੀ ਕਮਾਲ ਕਰ ਦਿੱਤੀ ਸੀ। ਸਮਾਜ ਸੇਵੀ ਸੰਸਥਾਵਾਂ ਨੇ ਐਨੀ ਮਦਦ ਕੀਤੀ ਕਿ ਹੜ੍ਹ ਪੀੜਤਾਂ ਨੂੰ ਸਮਾਨ ਸੰਭਾਲਣਾ ਮੁਸ਼ਕਿਲ ਹੋ ਗਿਆ ਸੀ। ਇਹ ਸੇਵਾ ਅਜੇ ਵੀ ਖਾਦਾਂ, ਤੇਲ, ਬੀਜਾਂ ਅਤੇ ਟਰੈਕਟਰਾਂ ਦੇ ਰੂਪ ਵਿੱਚ ਜਾਰੀ ਹੈ। ਪਰ ਦੂਸਰੇ ਪਾਸੇ ਕੁਝ ਅਜਿਹੇ ਵੀ ਲੋਕ ਹਨ ਜੋ ਅਜਿਹੀਆਂ ਮੁਸੀਬਤਾਂ ਸਮੇਂ ਫਾਇਦਾ ਕਮਾਉਣ ਲਈ ਸਰਗਰਮ ਹੋ ਜਾਂਦੇ ਹਨ। ਕੁਝ ਮਹੀਨੇ ਪਹਿਲਾਂ ਕਸ਼ਮੀਰ ਦੇ ਪ੍ਰਸਿੱਧ ਟੂਰਿਸਟ ਸਥਾਨ ਪਹਿਲਗਾਮ ਦੇ ਨਜ਼ਦੀਕ ਅੱਤਵਾਦੀਆਂ ਨੇ ਹਮਲਾ ਕਰ ਕੇ 26 ਮਾਸੂਮ ਸੈਲਾਨੀਆਂ ਦਾ ਕਤਲ ਕਰ ਦਿੱਤਾ ਸੀ। ਅਜਿਹੇ ਮੌਕੇ ਕਈ ਜ਼ਿੰਦਾ ਜ਼ਮੀਰ ਵਾਲੇ ਲੋਕ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਦੀ ਮਦਦ ਲਈ ਅੱਗੇ ਆਏ ਤੇ ਉਨ੍ਹਾਂ ਵਾਸਤੇ ਫਰੀ ਲੰਗਰ, ਰਿਹਾਇਸ਼ ਅਤੇ ਡਾਕਟਰੀ ਇਲਾਜ਼ ਦਾ ਪ੍ਰਬੰਧ ਕੀਤਾ। ਪਰ ਕੁਝ ਬੇਜ਼ਮੀਰੇ ਤੇ ਪੱਥਰ ਦਿਲ ਲੋਕਾਂ ਨੇ ਇਸ ਆਫਤ ਵੇਲੇ ਵੀ ਫਾਇਦਾ ਉਠਾਉਣ ਤੋਂ ਸ਼ਰਮ ਹਯਾ ਨਹੀਂ ਸੀ ਕੀਤੀ। ਇਸ ਕੌਮੀ ਆਫਤ ਵੇਲੇ ਸਭ ਤੋਂ ਜਿਆਦਾ ਬੇਸ਼ਰਮੀ ਏਅਰਲਾਈਨਾਂ ਨੇ ਵਿਖਾਈ ਸੀ। ਜਦੋਂ ਇਹ ਅੱਤਵਾਦੀ ਹਮਲਾ ਹੋਇਆ ਤਾਂ ਉਸ ਵੇਲੇ ਭਾਰੀ ਬਾਰਸ਼ਾਂ ਕਰ ਕੇ ਹੋਈ ਲੈਂਡਸਲਾਈਡ ਕਾਰਨ ਜੰਮੂ ਅਤੇ ਸ੍ਰੀ ਨਗਰ ਰਾਸ਼ਟਰੀ ਰਾਜ ਮਾਰਗ ਬੰਦ ਹੋ ਗਿਆ ਸੀ। ਡਰੇ ਹੋਏ ਸੈਲਾਨੀ ਜਲਦੀ ਤੋਂ ਜਲਦੀ ਕਸ਼ਮੀਰ ਛੱਡ ਕੇ ਆਪਣੇ ਘਰ ਪਹੁੰਚਣਾ ਚਾਹੁੰਦੇ ਸਨ। ਏਅਰਲਾਈਨਾਂ ਨੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ ਤੇ ਕਿਰਾਏ ਦਸ ਗੁਣਾ ਤੱਕ ਵਧਾ ਦਿੱਤੇ। ਸ੍ਰੀਨਗਰ ਤੋਂ ਜਿਆਦਾ ਟਰੈਫਿਕ ਵਾਲੇ ਸ਼ਹਿਰਾਂ ਜਿਵੇਂ ਦਿੱਲੀ, ਕੋਲਕੱਤਾ ਅਤੇ ਮੁੰਬਈ ਆਦਿ ਵਾਸਤੇ ਤਾਂ 5000 ਰੁਪਏ ਵਾਲੀ ਟਿਕਟ 50000 ਰੁਪਏ ਤੱਕ ਵੇਚੀ ਗਈ। ਜਦੋਂ ਇਸ ਗੱਲ ਦਾ ਅਖਬਾਰਾਂ ਅਤੇ ਸੋਸ਼ਲ ਮੀਡੀਆ ‘ਤੇ ਰੌਲਾ ਪਿਆ ਤਾਂ ਕੇਂਦਰੀ ਹਵਾਬਾਜ਼ੀ ਮੰਤਰੀ ਨੇ ਏਅਰਲਾਈਨਾਂ ਨੂੰ ਡਾਂਟ ਮਾਰੀ ਪਰ ਕੋਈ ਫਰਕ ਨਾ ਪਿਆ।

ਜਿਸ ਵੇਲੇ ਸਾਰਾ ਦੇਸ਼ ਕਰੋਨਾ ਦੇ ਕਹਿਰ ਨਾਲ ਜੂਝ ਰਿਹਾ ਸੀ ਉਸ ਵੇਲੇ ਵੀ ਅਨੇਕਾਂ ਲਾਲਚੀ ਲੋਕ ਪੀੜਤਾਂ ਦੀ ਮਦਦ ਕਰਨ ਦੀ ਬਜਾਏ ਮਰੀਜ਼ਾਂ ਦੇ ਇਲਾਜ ਲਈ ਬੇਹੱਦ ਜਰੂਰੀ ਆਕਸੀਜਨ ਅਤੇ ਰੈਮੀਡੀਸੀਵੀਅਰ ਦਵਾਈ ਦੀ ਕਾਲਾਬਜ਼ਾਰੀ ਕਰਨ ਵਿੱਚ ਰੁੱਝੇ ਹੋਏ ਸਨ। ਇੱਕ ਪਾਸੇ ਤਾਂ ਕਈ ਧਾਰਮਿਕ ਸਥਾਨ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਕਸੀਜਨ ਦੇ ਫਰੀ ਲੰਗਰ ਲਗਾਏ ਜਾਣ ਦੀਆਂ ਖਬਰਾਂ ਆ ਰਹੀਆਂ ਸਨ ਤੇ ਦੂਸਰੇ ਪਾਸੇ ਅੱਠ ਦਸ ਹਜ਼ਾਰ ਦੀ ਕੀਮਤ ਵਾਲਾ ਆਕਸੀਜਨ ਦਾ ਸਿਲੰਡਰ ਇੱਕ ਲੱਖ ਰੁਪਏ ਅਤੇ ਤਿੰਨ ਚਾਰ ਹਜ਼ਾਰ ਦੀ ਕੀਮਤ ਵਾਲਾ ਰੈਮਡੈਸੀਵੀਅਰ ਦਾ ਟੀਕਾ ਪੈਂਤੀ ਚਾਲੀ ਹਜ਼ਾਰ ਤੱਕ ਵੇਚਣ ਵਰਗੀਆਂ ਘਟੀਆ ਕਰਤੂਤਾਂ ਕੀਤੀਆਂ ਜਾ ਰਹੀਆਂ ਸਨ। ਮਰਨ ਕਿਨਾਰੇ ਪਏ ਆਪਣੇ ਪਿਆਰਿਆਂ ਨੂੰ ਬਚਾਉਣ ਖਾਤਰ ਵਾਰਸ ਕੋਈ ਵੀ ਕੀਮਤ ਦੇਣ ਨੂੰ ਤਿਆਰ ਸਨ। ਪਰ ਕਾਲਾਬਜ਼ਾਰੀ ਕਰਨ ਵਾਲਿਆਂ ਲਈ ਇਨਸਾਨੀ ਜਾਨ ਦੀ ਕੋਈ ਕੀਮਤ ਨਹੀਂ ਹੈ, ਇਹ ਸਿਰਫ ਆਪਣਾ ਮੁਨਾਫਾ ਵੇਖਦੇ ਹਨ। ਉਸ ਵੇਲੇ ਪ੍ਰਵਾਸੀ ਮਜ਼ਦੂਰਾਂ ਨੂੰ ਯੂ.ਪੀ. - ਬਿਹਾਰ ਲੈ ਕੇ ਜਾਣ ਵਾਲੀਆਂ ਅਨੇਕਾਂ ਬਿਨਾਂ ਪਰਮਿਟ ਤੋਂ ਚੱਲ ਰਹੀਆਂ ਬੱਸਾਂ ਵਾਲੇ ਰੱਜ ਕੇ ਗਰੀਬ ਪ੍ਰਵਾਸੀਆਂ ਖੂਨ ਨਿਚੋੜ ਰਹੇ ਸਨ। ਸਧਾਰਨ ਨਾਲੋਂ ਦੁਗਣਾ ਤਿਗਣਾ ਕਿਰਾਇਆ ਲੈ ਕੇ ਵੀ ਪ੍ਰਵਾਸੀਆਂ ਨੂੰ ਬੱਸਾਂ ਵਿੱਚ ਮੁਰਗਿਆਂ ਵਾਂਗ ਠੂਸ ਕੇ ਲਿਜਾਇਆ ਜਾ ਰਿਹਾ ਸੀ। 2010 ਵੇਲੇ ਜਦੋਂ ਲੱਦਾਖ ਵਿੱਚ ਹੜ੍ਹ ਆਏ ਸਨ ਤਾਂ ਉਥੇ ਫਸੇ ਹੋਏ ਸੈਲਾਨੀਆਂ ਨੂੰ ਕੱਢਣ ਸਮੇਂ ਵੀ ਏਅਰਲਾਈਨਾਂ ਨੇ ਕਮਾਲ ਦੀ ਬੇਸ਼ਰਮੀ ਵਿਖਾਈ ਸੀ। ਲੋਕਾਂ ਦੀ ਮਦਦ ਕਰਨ ਦੀ ਬਜਾਏ ਕਿੰਗਫਿਸ਼ਰ ਅਤੇ ਏਅਰ ਇੰਡੀਆ ਵਰਗੀਆਂ ਕਈ ਕੰਪਨੀਆਂ ਨੇ ਟਿਕਟਾਂ ਦਾ ਰੇਟ ਕਈ ਗੁਣਾ ਵਧਾ ਦਿੱਤਾ ਸੀ। ਉਹ ਗੱਲ ਵੱਖਰੀ ਹੈ ਕਿ ਐਨੀ ਕਮੀਨਗੀ ਵਿਖਾਉਣ ਦੇ ਬਾਵਜੂਦ ਵੀ ਕਿੰਗਫਿਸ਼ਰ ਬੰਦ ਹੋ ਚੁੱਕੀ ਹੈ ਤੇ ਏਅਰ ਇੰਡੀਆ ਦੀਵਾਲੀਆ ਹੋਣ ਕਾਰਨ ਟਾਟਾ ਨੂੰ ਵਿਕ ਚੁੱਕੀ ਹੈ। 1988 ਅਤੇ 1993 ਵਿੱਚ ਪੰਜਾਬ ਵਿੱਚ ਭਿਆਨਕ ਹੜ੍ਹ ਆਏ ਸਨ। ਸਮਾਜ ਸੇਵੀ ਸੰਸਥਾਵਾਂ ਨੇ ਪੀੜਤ ਲੋਕਾਂ ਦੀ ਅਥਾਹ ਸੇਵਾ ਕੀਤੀ ਸੀ ਪਰ ਉਸ ਸਮੇਂ ਵੀ ਜਮ੍ਹਾਂਖੋਰਾਂ ਨੇ ਰੱਜ ਕੇ ਮੁਨਾਫਾ ਕਮਾਇਆ ਸੀ। ਰਾਤੋ ਰਾਤ ਖੰਡ ਪੱਤੀ ਅਤੇ ਹੋਰ ਜਰੂਰੀ ਨਿੱਤ ਪ੍ਰਤੀ ਦੀ ਵਰਤੋਂ ਵਾਲੀਆਂ ਵਸਤੂਆਂ ਦੇ ਰੇਟ ਕਈ ਗੁਣਾ ਚੁੱਕ ਦਿੱਤੇ ਸਨ। 1993 ਵਿੱਚ ਪਟਿਆਲਾ, ਸੰਗਰੂਰ ਅਤੇ ਕਈ ਹੋਰ ਜਿਲ੍ਹਿਆਂ ਵਿੱਚ ਘੱਗਰ ਨਦੀ ਨੇ ਹੜ੍ਹਾਂ ਕਾਰਨ ਤਬਾਹੀ ਮਚਾ ਦਿੱਤੀ ਸੀ। ਮੈਂ ਉਸ ਵੇਲੇ ਇੱਕ ਥਾਣੇ ਵਿੱਚ ਐਸ.ਐਚ.ਉ. ਲੱਗਾ ਹੋਇਆ ਸੀ। ਇੱਕ ਪਾਸੇ ਸਮਾਜ ਸੇਵੀ ਪੀੜਤਾਂ ਲਈ ਮਦਦ ਭੇਜ ਰਹੇ ਸਨ ਪਰ ਦੂਸਰੇ ਪਾਸੇ ਕਈ ਦੁਕਾਨਦਾਰਾਂ ਨੇ ਪ੍ਰਚੂਨ ਵਸਤੂਆਂ ਦੇ ਰੇਟ ਦੂਣੇ ਕਰ ਦਿੱਤੇ ਤੇ ਸਭ ਤੋਂ ਜਰੂਰੀ ਵਸਤੂ ਤਰਪਾਲ ਨੂੰ ਤਾਂ ਬਜ਼ਾਰ ਵਿੱਚੋਂ ਗਾਇਬ ਹੀ ਕਰ ਦਿੱਤਾ ਸੀ। ਜਦੋਂ ਲੋਕਾਂ ਵਿੱਚ ਹਾਹਾਕਾਰ ਮੱਚੀ ਤਾਂ ਅਸੀਂ ਅਜਿਹੇ ਕਈ ਜਮ੍ਹਾਖੋਰਾਂ ‘ਤੇ ਮੁਕੱਦਮੇ ਦਰਜ਼ ਕੀਤੇ ਤਾਂ ਜਾ ਕੇ ਹਾਲਾਤ ਵਿੱਚ ਸੁਧਾਰ ਆਇਆ ਸੀ।ਅਜਿਹੇ ਲੋਕਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਇਨਸਾਨੀ ਗਿਰਝਾਂ (ਹਿਊਮਨ ਵਲਚਰ) ਮੱਧ ਕਾਲ ਸਮੇਂ ਯੂਰਪ ਵਿੱਚ ਇਜਾਦ ਹੋਇਆ ਸੀ। ਉਸ ਸਮੇਂ ਹਜ਼ਾਰਾਂ ਲੋਕਾਂ ਦੇ ਅਜਿਹੇ ਗਿਰੋਹ ਸਾਰੇ ਯੂਰਪ ਵਿੱਚ ਫੈਲੇ ਹੋਏ ਸਨ ਜੋ ਫੌਜਾਂ ਦੇ ਪਿੱਛੇ ਪਿੱਛੇ ਚੱਲਦੇ ਸਨ। ਮੱਧ ਕਾਲ ਯੂਰਪ ਵਿੱਚ ਅਸ਼ਾਂਤੀ ਦਾ ਕਾਲ ਸੀ ਤੇ ਦੇਸ਼ਾਂ ਦਰਮਿਆਨ ਲਗਾਤਾਰ ਯੁੱਧ ਚੱਲ ਰਹੇ ਸਨ। ਜੰਗ ਖਤਮ ਹੋਣ ਤੋਂ ਬਾਅਦ ਇਨਸਾਨੀ ਗਿਰਝਾਂ ਜੰਗ ਦੇ ਮੈਦਾਨ ਵਿੱਚ ਪਹੁੰਚ ਜਾਂਦੀਆਂ ਤੇ ਜ਼ਖਮੀ ਫੌਜੀਆਂ ਦੀ ਸਾਂਭ ਸੰਭਾਲ ਅਤੇ ਮ੍ਰਿਤਕਾਂ ਨੂੰ ਦਫਨਾਉਣ ਵਿੱਚ ਮਦਦ ਕਰਨ ਦੇ ਬਹਾਨੇ ਉਨ੍ਹਾਂ ਦਾ ਸਮਾਨ ਚੋਰੀ ਕਰ ਲੈਂਦੀਆਂ ਸਨ। ਫਰਾਂਸ ਦੇ ਬਾਦਸ਼ਾਹ ਲੂਈ ਚੌਧਵੇਂ (ਸ਼ਾਸ਼ਨ 1643 ਤੋਂ 1715 ਈਸਵੀ) ਸਮੇਂ ਇਹ ਵਰਤਾਰਾ ਐਨਾ ਵਧ ਗਿਆ ਸੀ ਕਿ ਇਸ ਦੀ ਰੋਕਥਾਮ ਲਈ ਫਰਾਂਸ ਦੀ ਫੌਜ ਨੇ ਅਜਿਹੇ ਹਜ਼ਾਰਾਂ ਗਿਰਝਾਂ ਨੂੰ ਸੂਲੀ ‘ਤੇ ਲਟਕਾ ਦਿੱਤਾ ਸੀ। ਆਧੁਨਿਕ ਗਿਰਝਾਂ ਨਾਲ ਵੀ ਕਾਨੂੰਨ ਅਨੁਸਾਰ ਸਖਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ।



ਬਾਬਾ ਸ੍ਰੀ ਦੀਪ ਸਿੰਘ ਸ਼ਹੀਦ ਜੀ ਦੇ ਜਨਮ ਦਿਨ ਤੇ ਵਿਸ਼ੇਸ਼ :

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਨੋਖੀ ਸ਼ਹਾਦਤ



ਜਸਵਿੰਦਰ ਸਿੰਘ ਰੁਪਾਲ
403 465 1586

**ਕਲਗੀ ਵਾਲਿਆ ਤੇਰੇ ਸਕੂਲ ਅੰਦਰ ਸੁਣਿਐ ਅਸਾਂ ਨੇ ਲੱਗਦੀ ਫੀਸ ਕੋਈ ਨਾ ॥**
**ਐਪਰ ਦੇਖਿਆ ਜਦੋਂ ਕਲਾਸ ਅੰਦਰ ਪੜ੍ਹਨ ਵਾਲਿਆਂ ਦੇ ਧੜ ਤੇ ਸੀਸ ਕੋਈ ਨਾ॥**

ਕਿਸੇ ਕਵੀ ਨੇ ਗੁਰਸਿੱਖੀ ਦੇ ਸਕੂਲ ਦਾ ਬਹੁਤ ਖ਼ੂਬਸੂਰਤ ਨਕਸ਼ਾ ਉਪਰੋਕਤ ਪੰਕਤੀਆਂ ਰਾਹੀਂ ਬਿਆਨ ਕੀਤਾ ਹੈ।ਜੀ ਹਾਂ, ਇਹ ਬਿਲਕੁਲ ਸੱਚ ਹੈ ਅਤੇ 100 % ਸੱਚ ਕਿ ਸੀਸ ਆਪਣੇ ਕੋਲ ਰੱਖ ਕੇ ਸਿੱਖ ਨਹੀਂ ਬਣਿਆ ਜਾ ਸਕਦਾ, ਹੋਰ ਕੁਝ ਵੀ ਬਣੀ ਜਾਵੋ।ਗੁਰੂ ਸਾਹਿਬ ਦੀ ਪਹਿਲੀ ਮੰਗ ਹੀ ਇਹੋ ਹੈ।ਸੀਸ ਦੀ ਮੰਗ ਹੀ ਕਿਉਂ ?? ਕਿਉਂਕਿ ਇਸ ਵਿੱਚ ਹੁੰਦੀਆਂ ਹਨ ਸੋਚਾਂ, ਵਿਚਾਰ, ਫੁਰਨੇ, ਹਉਮੈ ਦਾ ਸਾਰਾ ਪਸਾਰ ਇਸੇ ਵਿੱਚ ਹੁੰਦਾ ਹੈ ਅਤੇ ਜਦੋਂ ਇੱਕ ਸਿੱਖ ਸਿੰਘ ਬਣਦਾ ਹੈ ਤਾਂ ਉਹ ਆਪਣਾ ਸੀਸ, ਯਾਨੀ ਆਪਣੀਆਂ ਸਾਰੀਆਂ ਸੋਚਾਂ, ਆਪਣੀ ਮੈਂ ਗੁਰੂ ਨੂੰ ਅਰਪਨ ਕਰ ਦਿੰਦਾ ਹੈ।ਅਤੇ ਉਸ ਦਿਨ ਤੋਂ ਬਾਅਦ ਉਸਦੀ ਆਪਣੀ ਆਪਣੀ ਜਾਤ, ਆਪਣੀ ਕੁੱਲ ,ਆਪਣੀ ਮੱਤ ਸਭ ਕੁਝ ਖਤਮ ਹੋ ਜਾਂਦੀ ਹੈ ਅਤੇ ਉਹ ਅਨੰਦਪੁਰ ਦਾ ਵਾਸੀ ਹੁਣ ਸਿਰਫ ਗੁਰੂ-ਲਿਵ ਵਿੱਚ ਗੁਰੂ ਦੀ ਮੱਤ ਅਨੁਸਾਰ ਜਿਊ ਕੇ ਹੀ ਗੁਰਸਿੱਖ ਅਗਵਾ ਸਕਦਾ ਹੈ ਅਤੇ ਅਜਿਹੇ ਗੁਰਸਿੱਖ ਵਿੱਚ ਗੁਰੂ ਆਪ ਵਰਤਦਾ ਹੈ।

**ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥**..........................(ਪੰਨਾ ੩੧੨,ਸਲੋਕ ਮ : ੪)


ਸਤਿਗੁਰੂ ਅੱਗੇ ਮਨ ਵੇਚਣ ਵਾਲੇ ਅਜਿਹੇ ਹੀ ਸਿਦਕੀ ਸਿੱਖ ਅਤੇ ਮਹਾਨ ਸੂਰਬੀਰ ਸਨ ਬਾਬਾ ਦੀਪ ਸਿੰਘ ਜੀ।

ਪਿੰਡ ਪੂਹੀਵਿੰਡ ਜਿਲਾ ਤਰਨਤਾਰਨ ਵਿੱਚ ਭਾਈ ਭਗਤਾ ਜੀ ਦੇ ਘਰ ਬੀਬੀ ਜਿਊਣੀ ਜੀ ਦੀ ਕੁੱਖੋਂ 26 ਜਨਵਰੀ 1682 ਈਸਵੀ ਨੂੰ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਦੀਪਾ ਰੱਖਿਆ ਗਿਆ।ਸੋਹਣੇ ਪਿਆਰ ਦੁਲਾਰ ਨਾਲ ਪਲਦਾ ਦੀਪਾ ਅਜੇ 17 ਸਾਲਾਂ ਦਾ ਸੀ,ਜਦੋਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਣ ਦੀ ਅਨੰਦਮਈ ਖਬਰ ਚੌਪਾਸੀਂ ਫੈਲਦੀ ਹੋਈ ਇਸ ਪਰਿਵਾਰ ਕੋਲ ਵੀ ਪੁੱਜੀ।ਦੀਪਾ ਉਤਸ਼ਾਹ ਵਿੱਚ ਆ ਗਿਆ ਅਤੇ ਹੋਲੇ ਮੁਹੱਲੇ ਵਾਲੇ ਦਿਨ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਜਾ ਪੁੱਜਿਆ।ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਉਹਨਾਂ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ।ਪਰਿਵਾਰ ਸਮੇਤ ਗੁਰੂ ਜੀ ਤੋਂ ਖੰਡੇ ਦੀ ਪਾਹੁਲ ਛਕੀ ਅਤੇ ਦੀਪ ਸਿੰਘ ਬਣ ਗਿਆ।ਪਰਿਵਾਰ ਵਾਪਸ ਆ ਗਿਆ ਪਰ ਦੀਪ ਸਿੰਘ ਉੱਥੇ ਹੀ ਰੁਕ ਗਿਆ।ਗੁਰੂ ਸਾਹਿਬ ਨੇ ਉਸਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਿਸ ਵਿਚ ਗੁਰਮੁਖੀ ਅਤੇ ਫ਼ਾਰਸੀ ਭਾਸ਼ਾਵਾਂ ਦੇ ਨਾਲ ਨਾਲ ਸ਼ਸ਼ਤਰ ਵਿੱਦਿਆ ਘੋੜ ਸਵਾਰੀ ਆਦਿ ਵਿੱਚ ਸਿਖਲਾਈ ਦਿਵਾਈ ।ਸਰੀਰ ਦਾ ਚੁਸਤ ਫੁਸਤ ਗੱਭਰੂ ਇਹਨਾਂ ਕਲਾਵਾਂ ਵਿਚ ਛੇਤੀ ਪ੍ਰਪੱਕ ਹੋ ਗਿਆ।ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਜਾਂਦੇ ਇਸ ਨੌਜਵਾਨ ਨੂੰ ਆਪਣੇ ਨਾਲ ਰੱਖਦੇ।ਇਸ ਤਰਾਂ 20 ਦਸੰਬਰ 1704 ਤੱਕ ਦੀਪ ਸਿੰਘ ਨੇ ਗੁਰਬਾਣੀ, ਸੇਵਾ, ਸਿਮਰਨ,ਕੀਰਤਨ, ਯੁੱਧ ਕਲਾ ਆਦਿ ਸਭ ਦੇ ਰਾਹੀਂ ਗੁਰੂ ਦੀ ਸੰਗਤ ਵਿਚ ਗੁਰਸਿੱਖੀ ਨੂੰ ਹਿਰਦੇ ਅੰਦਰ ਧਾਰਨ ਕਰ ਲਿਆ।

1704 ਈਸਵੀ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ, ਤਾਂ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦੀ ਸੇਵਾ ਸੰਭਾਲ ਦੀ ਡਿਊਟੀ ਭਾਈ ਮਨੀ ਸਿੰਘ, ਭਾਈ ਦੀਪ ਸਿੰਘ,ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਦੀ ਲਗਾਈ ਸੀ।ਇਹ ਸਭ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਦੇ ਘਰ ਗੁਰੂ ਮਹਿਲਾਂ ਨੂੰ ਸੁਰਖਿਅਤ ਲੈ ਗਏ ਸਨ।ਉਪਰੰਤ ਭਾਈ ਦੀਪ ਸਿੰਘ ਜੀ ਵਾਪਸ ਆਪਣੇ ਪਿੰਡ ਵਿਖੇ ਆ ਗਏ ਸਨ।ਗੁਰਸਿੱਖੀ ਕਮਾਉਣ ਲੱਗੇ ਅਤੇ ਅੰਮ੍ਰਿਤ ਸੰਚਾਰ ਵੀ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਜਦੋਂ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਨ ਲੱਗੇ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਸਹਾਇਤਾ ਲਈ ਗੁਰੂ ਸਾਹਿਬ ਜੀ ਨੂੰ ਭਾਈ ਦੀਪ ਸਿੰਘ ਜੀ ਨੂੰ ਬੁਲਾਉਣ▲ ਦੀ ਸਲਾਹ ਦਿੱਤੀ ਜਿਸ ਨੂੰ ਗੁਰੂ ਸਾਹਿਬ ਨੇ ਤੁਰੰਤ ਪ੍ਰਵਾਨ ਕੀਤਾ ।ਸੁਨੇਹਾ ਮਿਲਣ ਤੇ ਭਾਈ ਦੀਪ ਸਿੰਘ ਜੀ ਦਮਦਮਾ ਸਾਹਿਬ ਪੁੱਜ ਗਏ।ਅਤੇ ਕਾਗਜ਼ ਅਤੇ ਸਿਆਹੀ ਪੁਚਾਉਣ ਦੀ ਸੇਵਾ ਨਿਭਾਉਂਦੇ ਰਹੇ, ਜਦੋ ਗੁਰੂ ਜੀ ਲਿਖਾ ਰਹੇ ਸਨ ਅਤੇ ਭਾਈ ਮਨੀ ਸਿੰਘ ਜੀ ਲਿਖ ਰਹੇ ਸਨ।ਭਾਈ ਦੀਪ ਸਿੰਘ ਜੀ ਬੀੜ ਸੰਪੂਰਨ ਹੋਣ ਤੇ ਉਸਦੇ ਚਾਰ ਉਤਾਰੇ ਕੀਤੇ ਅਤੇ 1706 ਵਿਚ ਚਾਰੇ ਤਖਤਾਂ ਨੂੰ ਭੇਜੇ ।ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਜਾਣ ਸਮੇਂ ਦਮਦਮਾ ਸਾਹਿਬ ਜੋ ਕਿ ਹੁਣ ਇੱਕ ਟਕਸਾਲ ਬਣ ਚੁੱਕੀ ਸੀ, ਉਸਦੀ ਸੇਵਾ ਸੰਭਾਲ ਅਤੇ ਗੁਰਬਾਣੀ ਪ੍ਰਚਾਰ ਦਾ ਕੰਮ ਦੀਪ ਸਿੰਘ ਜੀ ਨੇ ਤਨੋ ਮਨੋ ਹੋ ਕੇ ਸੰਭਾਲਿਆ।ਦਮਦਮਾ ਸਾਹਿਬ ਵਿਖੇ ਆਪ ਜੀ ਨੇ ਸੰਗਤ ਦੀ ਲੋੜ ਅਨੁਸਾਰ ਇੱਕ ਖੂਹ ਵੀ ਲਗਵਾਇਆ, ਜੋ ਹੁਣ ਵੀ ਮੌਜੂਦ ਹੈ।ਆਪ ਜੀ ਦਾ ਇਲਾਕੇ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਨ ਲੱਗੀਆਂ।

ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਤੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ, ਤਾਂ ਸਿੱਖਾਂ ਨੂੰ ਹੁਕਮਨਾਮੇ ਵੀ ਭੇਜੇ ਕਿ ਉਹ ਬੰਦਾ ਸਿੰਘ ਦਾ ਸਾਥ ਦੇਣ ।ਦੀਪ ਸਿੰਘ ਜੀ ਬੰਦਾ ਸਿੰਘ ਨਾਲ ਆ ਸ਼ਾਮਲ ਹੋਏ ਅਤੇ ਉਹਨਾਂ ਵਲੋਂ ਲੜੀਆਂ ਗਈਆਂ ਚੱਪੜਚਿੜੀ, ਸਢੌਰਾ, ਸਰਹਿੰਦ ਆਦਿ ਦੀਆਂ ਜੰਗਾਂ ਵਿਚ ਪੂਰੇ ਉਤਸ਼ਾਹ ਨਾਲ ਆਪਣੀ ਬੀਰਤਾ ਦੇ ਜੌਹਰ ਦਿਖਾਏ।ਜਦੋਂ ਸਿਖਾਂ ਦੀਆਂ 12 ਮਿਸਲਾਂ ਬਣੀਆਂ ਤਾਂ ਮਿਸਲ ਸ਼ਹੀਦਾਂ ਦੇ ਮੁਖੀ ਦੀਪ ਸਿੰਘ ਜੀ ਨੂੰ ਥਾਪਿਆ ਗਿਆ।ਸਤਾਰਵੀਂ ਸਦੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਪੰਜਾਬ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਬਾਕੀ ਮਿਸਲਾਂ ਦੇ ਜਥਿਆਂ ਸਮੇਤ ਅਫਗਾਨ ਧਾੜਵੀਆਂ ਤੋਂ ਬਹੂ ਬੇਟੀਆਂ ਅਤੇ ਲੁੱਟ ਦਾ ਮਾਲ ਛੁਡਵਾਇਆ। 9 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਕੌਮ ਦੋ ਧੜਿਆਂ ਵਿੱਚ ਵੰਡੀ ਗਈ ਸੀ।ਬੰਦਈ ਖਾਲਸਾ ਅਤੇ ਤੱਤ ਖਾਲਸਾ , ਜਿਸ ਦਾ ਨਿਬੇੜਾ ਭਾਈ ਮਨੀ ਸਿੰਘ ਜੀ ਨੇ ਪਰਚੀਆਂ ਪਾ ਕੇ ਕਰਵਾ ਦਿੱਤਾ ਸੀ।ਉਸ ਸਮੇਂ ਭਾਈ ਦੀਪ ਸਿੰਘ ਜੀ ਦਾ ਸਹਿਯੋਗ ਭਾਈ ਮਨੀ ਸਿੰਘ ਜੀ ਨੂੰ ਮਿਲਿਆ ।ਭਾਈ ਮਨੀ ਸਿੰਘ ਜੀ ਨੂੰ 1737 ਈਸਵੀ ਨੂੰ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ ਅਤੇ ਜ਼ਕਰੀਆ ਖਾਂ ਨੇ ਪੰਥ ਵਿਰੋਧੀ ਜੁੰਡਲੀ ਤਿਆਰ ਕਰ ਰੱਖੀ ਸੀ ਜਿਸ ਵਿਚ ਕਰਮਾਂ ਛੀਨਾ, ਚੌਧਰੀ ਨੌਸ਼ਹਿਰਾ ਪੰਨੂੰਆਂ ,ਚੌਧਰੀ ਮਜੀਠੀਆ, ਹਰਿਭਗਤ ਨਿਰੰਜਨੀਆ, ਰਾਮਾ ਰੰਧਾਵਾ ਅਤੇ ਮੱਸਾ ਰੰਘੜ ਸਨ।ਜਿਨਾਂ ਵਿਚੋਂ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਦਾ ਕਾਰ ਮੁਖਤਾਰ ਨਿਯੁਕਤ ਕਰ ਦਿੱਤਾ ਗਿਆ ਸੀ।ਉਸਨੇ ਦਰਬਾਰ ਸਾਹਿਬ



ਵਿੱਚ ਬੈਠ ਕੇ ਹੁੱਕਾ ਪੀਣ ਅਤੇ ਕੰਜਰੀਆਂ ਨਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ।ਖਬਰਾਂ ਪਤਾ ਲੱਗਣ ਤੇ ਦੀਪ ਸਿੰਘ ਜੀ ਜੋਸ਼ ਵਿਚ ਆ ਗਏ ਅਤੇ ਭਰੇ ਇਕੱਠ ਨੂੰ ਸੰਬੋਧਨ ਕਰਕੇ ਪੁੱਛਿਆ ਕਿ ਮੱਸੇ ਰੰਘੜ ਦਾ ਸਿਰ ਕੌਣ ਵੱਢ ਕੇ ਲਿਆਏਗਾ ? ਸਿੰਘ ਦੀ ਦਹਾੜ ਸੁਣ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਇਹ ਜਿੰਮੇਵਾਰੀ ਚੁੱਕੀ ਅਤੇ ਗੁਰੂ ਦੀ ਓਟ ਲੈ ਕੇ ਸਫਲਤਾ ਪੂਰਵਕ ਸੀਸ ਵੱਢ ਕੇ ਦੀਪ ਸਿੰਘ ਸਾਹਮਣੇ ਪੇਸ਼ ਕਰ ਦਿਖਾਇਆ।ਜੱਸਾ ਸਿੰਘ ਆਹਲੂਵਾਲੀਏ ਦੇ ਆਦੇਸ਼ ਤੇ ਬਾਕੀ ਮਿਸਲਾਂ ਦੇ ਨਾਲ ਮਿਲ ਕੇ ਅਦੀਨਾ ਬੇਗ ਨੂੰ ਸੋਧਿਆ ਅਤੇ ਜਿੱਤਿਆ ਇਲਾਕਾ ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਦਿੱਤਾ।ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ਪੁਛਿਆ ਕਿ ਇਹ ਕੌਣ ਹਨ ਜੋ ਮੇਰੀਆਂ ਫੌਜਾਂ ਨੂੰ ਲੁੱਟ ਰਹੇ ਹਨ ।ਇੱਕ ਕਾਜੀ ਨੇ ਜਵਾਬ ਦਿੱਤਾ ਕਿ ਇਹਨਾਂ ਦੇ ਗੁਰੂ ਨੇ ਬੜੀ ਕਮਾਲ ਦੀ ਚੀਜ ਅੰਮ੍ਰਿਤ ਪਿਲਾਈ ਹੈ ਇਹਨਾਂ ਨੂੰ ਜਿਸ ਨਾਲ ਇਹ ਬਲਵਾਨ ਬਣ ਜਾਂਦੇ ਹਨ।ਇੱਕ ਥਾਂ ਨਹੀਂ ਟਿਕਦੇ, ਬੈਠਦੇ ਹੀ ਸੌਂਦੇ ਨੇ ਅਤੇ ਚੱਲਦੇ ਚੱਲਦੇ ਖਾਂਦੇ ਹਨ।ਪੰਥ ਪ੍ਰਕਾਸ਼ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦ ਦੇਖੋ !!

**ਵਲੀ ਇਨਕਾ ਅਜਬ ਭਯੋ ਹੈ॥**
**ਇਨਕੋ ਆਬੇ ਹਯਾਤ ਦਯੋ ਹੈ॥**
**ਗਜ਼ਬ ਅਸਰ ਤਿਸਕਾ ਹਮ ਦੇਖਾ॥**
**ਬੁਜ਼ਦਿਲ ਹੋਵਤ ਸਿੰਘ ਬਿਸੇਖਾ॥**
**ਹਾੜ ਨ ਦਿਨ ਭਰ ਪੀਵਹਿ ਪਾਣੀ॥**
**ਸਿਆਲ ਨ ਰਾਖਹਿ ਅਗਨ ਨੀਸਾਣੀ॥**
**ਬੈਠਤ ਸੋਵਹਿ ਚਲਤੇ ਖਾਵਹਿ ॥**
**ਗ੍ਰਾਮ ਕਿਸੀ ਮਹਿ ਟਿਕਣ ਨ ਪਾਵਹਿ॥**
**ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼ )**

ਅਹਿਮਦ ਸ਼ਾਹ ਦੇ ਆਖਣ ਤੇ ਉਸਦੇ ਪੁੱਤਰ ਤੈਮੂਰ ਸ਼ਾਹ ਨੇ ਸਖਤੀ ਵਧਾ ਦਿੱਤੀ।ਹਰਿਮੰਦਰ ਸਾਹਿਬ ਦਾ ਸਰੋਵਰ ਆਪਣੇ ਜਰਨੈਲ ਜਹਾਨ ਖਾਂ ਰਾਹੀਂ ਪੂਰ ਦਿੱਤਾ।ਭਾਗ ਸਿੰਘ ਨੇ ਦੀਪ ਸਿੰਘ ਜੀ ਨੂੰ ਖ਼ਬਰ ਕੀਤੀ।ਤਾਂ ਉਹਨਾਂ ਇੱਕਦਮ ਦਰਬਾਰ ਸਾਹਿਬ ਦੀ ਰਾਖੀ ਲਈ ਚਾਲੇ ਪਾ ਦਿੱਤੇ।ਪਹਿਲਾਂ ਉਹਨਾਂ ਦੇ ਨਾਲ 5000 ਸਿੰਘ ਹੋ ਗਏ ਜੋ ਹੋਰ ਅੱਗੇ ਚੱਲ ਕੇ 10000 ਤੱਕ ਹੋ ਗਏ।ਜਹਾਨ ਖਾਂ ਗੋਹਲਵੜੀ ਦੀ ਥੇਹ ਤੇ ਬੈਠਾ ਸੀ।ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚ ਕੇ ਕਿਹਾ ਕਿ ਸਿਰਫ ਸ਼ਹੀਦੀ ਲਈ ਤਿਆਰ ਹੀ ਅੱਗੇ ਆਉਣ, ਬਾਕੀ ਵਾਪਸ ਜਾ ਸਕਦੇ ਹਨ।ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਆਏ।ਦੀਪ ਸਿੰਘ ਜੀ ਨੇ ਬਕਾਇਦਾ ਅਰਦਾਸ ਕੀਤੀ ਕਿ ਪਾਤਸ਼ਾਹ ਸ਼ਹੀਦੀ ਬੇਸ਼ਕ ਮਿਲੇ ਪਰ ਹਰਿਮੰਦਿਰ ਸਾਹਿਬ ਆਜ਼ਾਦ ਹੋਵੇ।ਜਹਾਨ ਖਾਂ ਹਾਥੀ ਤੇ ਅੱਗੇ ਵਧਿਆ ਤਾਂ ਉਸਨੂੰ ਦਿਆਲ ਸਿੰਘ ਦੇ ਤੀਰ ਨੇ ਪਾਰ ਬੁਲਾਇਆ।ਉਸਦੀ ਮੌਤ ਤੋਂ ਬਾਅਦ ਜਬਰਦਸਤ ਖਾਂ ਅੱਗੇ ਆਇਆ ਜਿਸ ਨੂੰ ਬਲਵੰਤ ਸਿੰਘ ਨੇ ਮਾਰ ਮੁਕਾਇਆ।ਫੇਰ ਰੁਸਤਮ ਖਾਂ ਅੱਗੇ ਆਇਆ ਜਿਸ ਦਾ ਮੁਕਾਬਲਾ ਫੇਰ ਬਲਵੰਤ ਸਿੰਘ ਨਾਲ ਆਹਮੋ ਸਾਹਮਣੇ ਹੋਇਆ।ਦੋਵੇਂ ਸੂਰਮੇ ਇੱਕ ਦੂਜੇ ਦੇ ਤਲਵਾਰਾਂ ਮਾਰ ਕੇ ਮਰ ਗਏ।ਦੀਪ ਸਿੰਘ ਜੀ ਨੇ ਸਾਰੀ ਸੈਨਾ ਨੂੰ ਤਿੰਨ ਜੱਥਿਆ ਵਿਚ ਵੰਡ ਦਿੱਤਾ।ਸੱਜੇ ਪਾਸੇ ਦੀ ਕਮਾਨ ਗੁਰਬਖਸ਼ ਸਿੰਘ ਕੋਲ, ਵਿਚਕਾਰਲੇ ਜੱਥੇ ਦੀ ਕਮਾਨ ਨੌਧ ਸਿੰਘ ਜੀ ਕੋਲ ਅਤੇ ਖੱਬੇ ਪਾਸੇ ਖੁਦ ਦੀਪ ਸਿੰਘ ਜੀ ਆਪ ਹੋ ਗਏ।ਉੱਧਰ ਜਮਾਲ ਖਾਂ ਆਪਣੀ ਸੈਨਾ ਨੂੰ ਲਲਕਾਰੇ ਮਾਰ ਰਿਹਾ ਸੀ ਕਿ ਸ਼ਹੀਦ ਹੋਣ ਵਾਲਿਆਂ ਨੂੰ ਹੂਰਾਂ ਮਿਲਣਗੀਆਂ ਆਦਿ।ਦੀਪ ਸਿੰਘ ਜੀ ਨੇ ਉਸ ਵੱਲ ਚੱਕਰ ਸੁੱਟਿਆ ਜਿਸ ਨਾਲ ਉਸਦਾ ਘੋੜਾ ਜਖਮੀ ਹੋ ਕੇ ਡਿੱਗ ਪਿਆ।ਓਧਰ ਦੀਪ ਸਿੰਘ ਜੀ ਦੀ ਗਰਦਨ ਤੇ ਫੱਟ ਵੱਜਿਆ ਤੇ ਗਰਦਨ ਲੁੜਕ ਗਈ । ਜਦੋ ਕਿਸੇ ਸਿੰਘ ਨੇ ਕੋਲੋਂ ਕਿਹਾ ਕਿ ਬਾਬਾ ਜੀ ਤੁਸੀਂ ਪਰਿਕਰਮਾ ਵਿਚ ਪੁੱਜਣ ਦੀ ਅਰਦਾਸ ਕੀਤੀ ਹੈ, ਉਹਨਾਂ ਖੱਬੇ ਹੱਥ ਨਾਲ ਗਰਦਨ ਸੰਭਾਲੀ ਅਤੇ ਸੱਜੇ ਹੱਥ ਨਾਲ ਆਪਣੇ 18 ਸੇਰ ਦੇ ਦੋਧਾਰੀ ਖੰਡੇ ਨਾਲ ਲੜਨਾ ਜਾਰੀ ਰੱਖਿਆ।ਉਹਨਾਂ ਦਾ ਸੀਸ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਡਿੱਗਿਆ ਅਤੇ ਉਹਨਾਂ ਦੀ ਅਰਦਾਸ ਪੂਰੀ ਹੋਈ।ਇਸਤਰਾਂ ਉਹਨਾਂ ਕੌਮ ਲਈ ਸ਼ਹੀਦੀ ਪ੍ਰਾਪਤ ਕੀਤੀ।ਇਹ ਸ਼ਹੀਦੀ 13 ਨਵੰਬਰ 1757 ਈਸਵੀ ਨੂੰ ਹੋਈ।ਇਸ ਸਮੇਂ ਉਹਨਾਂ ਦੀ ਉਮਰ 75 ਸਾਲ ਦੀ ਸੀ।ਸਤਿਕਾਰ ਵਜੋਂ ਹੀ ਉਹਨਾਂ ਨੂੰ ਬਾਬਾ ਜੀ ਆਖਿਆ ਜਾਂਦਾ ਹੈ।ਪਰਿਕਰਮਾ ਵਿਚ ਜਿਸ ਥਾਂ ਸ਼ਹੀਦੀ ਪ੍ਰਾਪਤ ਕੀਤੀ, ਉੱਥੇ ਗੁਰਦੁਆਰਾ ਸ਼ਹੀਦ ਬੁੰਗਾ ਬਣਿਆ ਹੋਇਆ ਹੈ।ਅਤੇ ਉਹ ਖੰਡਾ ਅਕਾਲ ਤਖਤ ਸਾਹਿਬ ਵਿਚ ਸੰਭਾਲਿਆ ਹੋਇਆ ਹੈ ਅਤੇ ਰੋਜ਼ਾਨਾ ਸ਼ਾਮ ਦੇ ਨਿੱਤਨੇਮ ਤੋਂ ਬਾਅਦ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

**ਕੀ ਇਕੱਲਾ ਧੜ ਲੜਾਈ ਕਰ ਸਕਦਾ ਹੈ:-** ਸਾਡਾ ਦੁਖਾਂਤ ਹੈ ਕਿ ਸਾਡੇ ਸ਼ਾਨਾਮੱਤੇ ਇਤਿਹਾਸ ਨੂੰ ਕੁਝ ਅਗਿਆਨਤਾ ਵੱਸ, ਕੁਝ ਸ਼ਰਧਾ ਵੱਸ, ਅਤੇ ਕੁਝ ਜਾਣ ਬੁੱਝ ਕੇ ਸਾਜਿਸ਼ਾਂ ਤਹਿਤ ਤੋੜਿਆ ਮਰੋੜਿਆ ਜਾ ਰਿਹਾ ਹੈ।ਉਸ ਵਿਚ ਕਰਾਮਾਤੀ ਅੰਸ਼ ਭਾਰੂ ਕੀਤੇ ਜਾ ਰਹੇ ਹਨ ,ਜਦਕਿ ਗੁਰਬਾਣੀ ਅਤੇ ਗੁਰਮਤਿ ਸਿਧਾਂਤ ਕਰਾਮਾਤ ਦੇ ਪੂਰਨ ਵਿਰੁੱਧ ਹਨ।ਜਿਸ ਢੰਗ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਸੀਸ ਧੜ ਤੋਂ ਅਲੱਗ ਹੋ ਗਿਆ ਅਤੇ ਦੀਪ ਸਿੰਘ ਜੀ ਕੱਟੇ ਹੋਏ ਸੀਸ ਨੂੰ ਖੱਬੇ ਹੱਥ ਤੇ ਰੱਖ ਕੇ ਲੜਦੇ ਜਾ ਰਹੇ ਹਨ, ਵਿਗਿਆਨਕ ਪੱਖ ਤੋਂ ਦੇਖੀਏ ਤਾਂ ਇਹ ਸੰਭਵ ਹੀ ਨਹੀਂ।ਸੀਸ ਜੇ ਪੂਰਾ ਕੱਟਿਆ ਜਾਵੇ, ਤਾਂ ਕੁਝ ਸਕਿੰਟਾਂ ਵਿੱਚ ਹੀ ਇਨਸਾਨ ਪੂਰਾ ਹੋ ਜਾਏਗਾ ਅਤੇ ਕਈ ਕਿਲੋਮੀਟਰ ਤੱਕ ਲੜਦੇ ਜਾਣ। ਗੁਰਦੁਆਰਾ ਬਾਬਾ ਦੀਪ ਸਿੰਘ,ਜਿੱਥੇ ਸੀਸ ਕੱਟਿਆ ਗਿਆ, ਤੋਂ ਦਰਬਾਰ ਸਾਹਿਬ ਦੀ ਪਰਕਰਮਾ ਤੱਕ, ਜਿੱਥੇ ਸੀਸ ਡਿੱਗਿਆ ਹੈ, crow-fly ਦੂਰੀ ਵੀ 1.4 ਕਿਲੋਮੀਟਰ ਦੇ ਕਰੀਬ ਬਣਦੀ ਹੈ।ਅਤੇ ਤੇਜ ਚਾਲ ਵਾਲੇ ਪੈਦਲ ਸਵਾਰ ਲਈ ਵੀ 10 ਤੋਂ 12 ਮਿੰਟ ਦਾ ਸਮਾਂ ਚਾਹੀਦਾ ਹੈ।ਕਿਉਂਕਿ ਉਸ ਸਮੇਂ ਉਹਨਾਂ ਕੋਲ ਘੋੜਾ ਨਹੀਂ ਸੀ।ਇਸ ਤਰਾਂ ਇੰਨੇ ਮਿੰਟ ਲਈ ਬਿਨਾਂ ਸੀਸ ਤੋਂ ਲੜਦੇ ਅੱਗੇ ਵਧਣਾ ਸੰਭਵ ਨਹੀਂ ਹੈ।

ਇਸ ਨੂੰ ਪ੍ਰਤੀਕਾਤਮਕ ਅੰਦਾਜ ਵਿਚ ਆਖਿਆ ਕਿਹਾ ਜਾ ਸਕਦਾ ਹੈ।ਹੋ ਸਕਦਾ ਹੈ ਕਿ ਕਿਸੇ ਕਲਾਕਾਰ ਵਲੋਂ ਖੱਬੇ ਹੱਥ ਸੀਸ ਤੇ ਸੱਜੇ ਹੱਥ ਖੰਡੇ ਵਾਲੀ ਤਸਵੀਰ ਬਣਾਉਣ ਤੋਂ ਬਾਅਦ ਇਹ ਗੱਲ ਵਧੇਰੇ ਪ੍ਰਚੱਲਿਤ ਹੋਈ ਹੋਵੇ। (ਕਾਲਪਨਿਕ ਤਸਵੀਰਾਂ ਨੂੰ ਸੱਚ ਮੰਨਣ ਨਾਲ ਹੋਰ ਵੀ ਬਹੁਤ ਥਾਵਾਂ ਤੇ ਇਤਿਹਾਸ ਦੀ ਗਲਤ ਵਿਆਖਿਆ ਹੋਈ ਮਿਲਦੀ ਹੈ )।ਕੁਝ ਪੁਰਾਤਨ ਸਰੋਤਾਂ ਦੇ ਹਵਾਲੇ ਦੇਖਣੇ ਜਰੂਰੀ ਹਨ ।ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ(1843) ਰਾਮ ਰਾਉਣੀ ਵਾਲੀ ਲੜਾਈ ਦਾ ਜਿਕਰ ਕਰਦੇ ਹੋਏ ਉਹਨਾਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਜਿਕਰ ਕਰਦੇ ਹਨ, ਪਰ ਪੂਰਾ ਸੀਸ ਕੱਟਣ ਦੀ ਗੱਲ ਨਹੀਂ ਕਰਦੇ।ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ(1810-41) ਇਸ ਤਰਾਂ ਲਿਖਦੇ ਹਨ -

ਚੱਬਾ ਪਿੰਡ ਵਿਚ ਪੁੱਜ ਕੇ ਅੱਤਲ ਖਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਗਰਦਨ ਤੇ ਵਾਰ ਕੀਤਾ ਜਿਸ ਨਾਲ ਉਹਨਾਂ ਦਾ ਸਿਰ ਇੱਕ ਪਾਸੇ ਝੁਕ ਗਿਆ।ਇੱਕ ਸਿੱਖ ਨੇ ਯਾਦ ਦਿਵਾਇਆ ,"ਤੁਸੀਂ ਸਰੋਵਰ ਦੀ ਹੱਦ ਤੱਕ ਪਹੁੰਚਣ ਦਾ ਸੰਕਲਪ ਕੀਤਾ ਸੀ।" ਇਸ ਗੱਲ ਨੂੰ ਸੁਣ ਕੇ ਬਾਬਾ ਜੀ ਨੇ ਖੱਬੇ ਹੱਥ ਨਾਲ ਸਿਰ ਨੂੰ ਸਹਾਰਾ ਦਿੱਤਾ ਅਤੇ ਸੱਜੇ ਹੱਥ ਨਾਲ ਦੋਧਾਰੀ ਖੰਡੇ ਨਾਲ ਦੁਸ਼ਮਣਾਂ ਨੂੰ ਹਟਾਉਂਦੇ ਹੋਏ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਪਹੁੰਚੇ ਅਤੇ ਉੱਥੇ ਪ੍ਰਾਣ ਤਿਆਗੇ। ਉਪਰੋਕਤ ਵਾਰਤਾ ਵਿਚ ਪੂਰਾ ਸੀਸ ਕੱਟਣ ਦਾ ਜਿਕਰ ਨਹੀਂ ,ਸਗੋਂ ਗਰਦਨ ਤੇ ਗੰਭੀਰ ਚੋਟ ਦਰਸਾਉਂਦਾ ਹੈ।ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਇਸ ਨਾਲ ਮਿਲਦਾ ਜੁਲਦਾ ਹੈ।

ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ (ਗਿਆਨੀ ਠਾਕੁਰ ਸਿੰਘ, 1904) ਵਿਚ ਬਾਬਾ ਦੀਪ ਸਿੰਘ ਜੀ ਨੂੰ ਲੜਦੇ ਹੋਏ ਸ਼ਹੀਦ ਹੁੰਦਾ ਦਿਖਾਇਆ ਹੈ ਪਰ ਚਮਤਕਾਰੀ ਢੰਗ ਨਾਲ ਸੀਸ ਹੱਥ ਤੇ ਚੁੱਕੇ ਦਾ ਵੇਰਵਾ ਘੱਟ ਜੋਰ ਨਾਲ ਹੈ, ਵਧੇਰੇ ਧਿਆਨ ਬਹਾਦਰੀ ਵੱਲ ਹੈ।

ਪੁਸਤਕ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ (ਕ੍ਰਿਤ ਭਾਈ ਨਿਰੰਜਨ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ) ਅਤੇ ਇਸਤੇ ਅਧਾਰਿਤ ਮੁਖਤਾਰ ਸਿੰਘ ਗੋਰਾਇਆ ਵਲੋਂ ਪਿੰਗਲਵਾੜਾ ਲਈ ਛਾਪੇ ਗਏ ਟ੍ਰੈਕਟ ਵਿਚ ਪੂਰਾ ਸੀਸ ਕੱਟੇ ਜਾਣ ਅਤੇ ਹੱਥ ਤੇ ਟਿਕਾਏ ਜਾਣ ਦਾ ਜਿਕਰ ਹੈ।ਸ਼ਬਦ ਇਸ ਤਰਾਂ ਹਨ -- ਬਾਬਾ ਜੀ ਦਾ ਸਿਰ ਲੱਥਾ ਵੇਖ ਕੇ ਇਕ ਸਿੰਘ ਨੇ ਆਖਿਆ - ,ਬਾਬਾ ਜੀ ਤੁਸੀਂ ਅਰਦਾਸ ਕੀਤੀ ਸੀ ਕਿ ਸੀਸ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਧਰਨਾ ਹੈ। ਲੱਥੇ ਹੋਏ ਸੀਸ ਵਿਚੋਂ ਆਵਾਜ ਆਈ ਕਿ ਸਿੰਘ ਦਾ ਪ੍ਰਣ ਤੋੜ ਨਿਭੇਗਾ।ਧੜ ਹਿੱਲਿਆ ਖੰਡਾ ਅੱਗੇ ਹੀ ਹੱਥ ਵਿਚ ਸੀ।ਅਨੋਖੇ ਹੀ ਜੀਵਨ ਵਿਚ ਬਾਬਾ ਜੀ ਖੜ੍ਹੇ ਹੋ ਗਏ।ਸੀਸ ਖੱਬੀ ਤਲੀ ਤੇ ਰੱਖ ਲਿਆ ਸੱਜੇ ਹੱਥ ਨਾਲ ਖੰਡੇ ਨਾਲ ਐਸੀ ਵਾਢੀ ਪਾਈ ਕਿ ਗਿਲਜੇ ਤੋਬਾ ਤੋਬਾ ਕਰਦੇ ਮੈਦਾਨ ਛੱਡ ਕੇ ਭੱਜ ਤੁਰੇ। ......ਬਾਬਾ ਜੀ ਨੇ ਸੀਸ ਤਲੀ ਤੇ ਰੱਖ ਕੇ ਰਾਮਸਰ ਤੋਂ ਅੱਗੇ ਲੰਘ ਸੁਧਾਸਰ ਦੀਆਂ ਪਰਕਰਮਾ ਵਿਚ ਸਤਿਗੁਰੂ ਰਾਮਦਾਸ ਜੀ ਦੀ ਹਜੂਰੀ ਵਿੱਚ ਸੀਸ ਭੇਟ ਰੱਖੀ।ਹੋਰ ਇਤਿਹਾਸਕਾਰਾਂ ਜਿਵੇਂ ਡਾ ਗੰਡਾ ਸਿੰਘ, ਖੁਸ਼ਵੰਤ ਸਿੰਘ ,ਪ੍ਰਿੰ ਸਤਬੀਰ ਸਿੰਘ ਆਦਿ ਸ਼ਹੀਦ ਦੀਪ ਸਿੰਘ ਜੀ ਦੇ ਸਿਦਕ ਅਤੇ ਬਹਾਦਰੀ ਦੀ ਗੱਲ ਕਰਦੇ ਹਨ , ਪਰ ਉਹਨਾਂ ਦੇ ਸੀਸ ਹੱਥ ਤੇ ਰੱਖਣ ਦੀ ਗੱਲ ਨੂੰ ਸਿਰਫ ਰੂਪਕ ਤੌਰ ਤੇ ਸੀਸ ਭੇਟ ਕਰਨ ਦੇ ਅੰਦਾਜ਼ ਵਿੱਚ ਹੀ ਲਿਆ ਹੈ।ਅਸਲੀ ਇਤਿਹਾਸਕ ਪੱਖ ਦੇ ਤੌਰ ਤੇ ਨਹੀਂ ।ਇਸ ਤਰਾਂ ਵੱਖ ਵੱਖ ਲਿਖਾਰੀਆਂ ਅਤੇ ਵਿਦਵਾਨਾਂ ਨੇ ਆਪੋ ਆਪਣੇ ਅੰਦਾਜ ਵਿਚ ਇਸਦੀ ਵਿਆਖਿਆ ਕੀਤੀ ਹੈ।ਜਿਸ ਥਾਂ ਪਰਕਰਮਾ ਵਿਚ ਸੀਸ ਡਿੱਗਿਆ ਸੀ, ਉੱਥੇ ਸ਼੍ਰੋਮਣੀ ਕਮੇਟੀ ਵਲੋਂ ਲਿਖਵਾਏ ਗਏ ਇਤਿਹਾਸ ਵਿੱਚ ਵੀ ਪੂਰਾ ਸੀਸ ਕੱਟਿਆ ਜਾਣਾ ਅਤੇ ਹੱਥ ਤੇ ਰੱਖ ਕੇ ਲੜੇ ਜਾਣਾ ਲਿਖਿਆ ਹੈ।

ਸਾਡੇ ਇਤਿਹਾਸ ਨੂੰ ਵਿਗਿਆਨਕ ਅੰਦਾਜ ਵਿੱਚ ਪਹਿਲੀ ਗੱਲ ਕਿਸੇ ਨੇ ਲਿਖਿਆ ਹੀ ਨਹੀਂ, ਜੇ ਕੋਈ ਕੋਸ਼ਿਸ਼ ਕਰੇਗਾ ਵੀ ਤਾਂ ਸ਼ਰਧਾਲੂਆਂ ਨੇ ਉਸਦੀ ਮੰਨਣੀ ਕਿੱਥੇ ਹੈ ?ਉਸਦਾ ਭਰਵਾਂ ਵਿਰੋਧ ਹੋਏਗਾ।ਸਿੱਖ ਕੌਮ ਦੇ ਇਹ ਏਜੰਡੇ ਵਿਚ ਹੀ ਨਹੀਂ ਕਿ ਇਤਿਹਾਸ ਨੂੰ ਵਧੀਆ ਢੰਗ ਨਾਲ ਲਿਖਾ ਕੇ ਸੰਭਾਲਿਆ ਜਾਵੇ।ਸਗੋਂ ਵਿਰੋਧੀਆਂ ਦੇ ਵੰਡ ਪਾਊ ਏਜੰਡੇ ਦਾ ਸ਼ਿਕਾਰ ਹੋ ਕੇ ਸਿੱਖ ਇੱਕ ਦੂਜੇ ਨਾਲ ਬਹੁਤ ਛੋਟੇ ਮਸਲੇ ਤੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ।ਅਸਲ ਵਿਚ ਜਿਵੇਂ ਅਸੀਂ ਲੇਖ ਦੇ ਆਰੰਭ ਵਿਚ ਹੀ ਕਿਹਾ ਹੈ ਕਿ ਗੁਰਮਤਿ ਤਾਂ ਹਰੇਕ ਸਿੱਖ ਤੋਂ ਸੀਸ ਮੰਗਦੀ ਹੈ।ਗੁਰੂ ਨਾਨਕ ਨੇ ਹੀ ਆਖਿਆ ਸੀ

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ।**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ ॥**
**(ਪੰਨਾ ੧੪੧੨, ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧)**
**ਇਸੇ ਤਰਾਂ ਇੱਕ ਹੋਰ ਥਾਂ ਫੁਰਮਾਨ ਹੈ --**
**ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥........(ਪੰਨਾ ੧੧੧੪, ਤੁਖਾਰੀ ਛੰਤ ਮਹਲਾ ੪)**

ਸਿੱਖੀ ਹੈ ਹੀ ਪ੍ਰੇਮ ਦੀ ਖੇਡ।ਇੱਥੇ ਪਹਿਲਾਂ ਮਰਨਾ ਕਬੂਲ ਕਰਨ ਦਾ ਹੁਕਮ ਹੈ।ਸਤਿਗੁਰੂ ਨਾਲ ਪ੍ਰੇਮ ਹੋਣ ਤੇ ਇੱਕ ਸਿੱਖ ਆਪਣੇ ਪਰਿਵਾਰ, ਧਨ ਦੌਲਤ, ਅਤੇ ਇੱਥੋਂ ਤੱਕ ਕਿ ਆਪਣੇ ਸਰੀਰ ਦਾ ਵੀ ਮੋਹ ਨਹੀਂ ਕਰਦਾ।ਉਸਨੂੰ ਆਪਣਾ ਸਰੀਰ ਭੇਟ ਕਰਕੇ ਗੁਰੂ ਦੀ ਖੁਸ਼ੀ ਮਿਲਣੀ ਬਹੁਤ ਸਸਤਾ ਸੌਦਾ ਲੱਗਦਾ ਹੈ।ਬਾਬਾ ਬੰਦਾ ਸਿੰਘ ਬਹਾਦਰ ਨੇ ਦੀਪ ਸਿੰਘ ਜੀ ਦੀ ਬਹਾਦਰੀ ਦੇਖ ਕੇ ਉਹਨਾਂ ਨੂੰ ਜਿੰਦਾ ਸ਼ਹੀਦ ਦਾ ਰੁਤਬਾ ਵੀ ਦਿੱਤਾ ਸੀ।ਲੋੜ ਹੈ ਅਸੀਂ ਸ਼ਹੀਦਾਂ ਦਾ ਸਤਿਕਾਰ ਕਰੀਏ ਅਤੇ ਉਹਨਾਂ ਤੋਂ ਗੁਰੂ ਪ੍ਰਤੀ ਪ੍ਰੇਮ ਅਤੇ ਸਿਦਕ ਰੱਖਣਾ ਸਿੱਖੀਏ।ਉਹਨਾਂ ਨਾਲ ਬੇਲੋੜੀਆਂ ਕਰਾਮਾਤਾਂ ਨਾ ਜੋੜਦੇ ਰਹੀਏ।

**ਸ਼ਹੀਦ ਬਾਬਾ ਦੀਪ ਸਿੰਘ ਦੇ ਨਾਮ ਤੇ ਹੋ ਰਹੇ ਕਰਮ ਕਾਂਡ :--** ਸ਼ਹੀਦਾਂ ਦਾ ਸਤਿਕਾਰ ਕਰਨਾ ਮੁਬਾਰਕ ਹੈ, ਜਰੂਰ ਕਰਨਾ ਚਾਹੀਦਾ ਹੈ।ਪਰ ਅੱਜ ਜੋ ਹੋ ਰਿਹਾ ਹੈ, ਮੁਆਫ ਕਰਨਾ ,ਉਸ ਵਿੱਚ ਸਿੱਖੀ ਦੀ ਰੂਹ ਹੀ ਨਜਰ ਨਹੀਂ ਆ ਰਹੀ।ਜਿੱਥੇ ਕੁਝ ਸ਼ਰਧਾਲੂ ਉਹਨਾਂ ਨੂੰ ਗੁਰੂ ਸਾਹਿਬਾਨ ਤੋਂ ਵੀ ਵਧੇਰੇ ਸਤਿਕਾਰ ਦੇਣ ਲੱਗ ਪਏ ਹਨ।ਉੱਥੇ ਉਹਨਾਂ ਦੇ ਨਾਮ ਤੇ ਬਣੀਆਂ ਥਾਵਾਂ ਤੇ ਗੁਰਦੁਆਰਿਆਂ ਨੂੰ ਇੱਛਾ ਪੂਰੀਆਂ ਕਰਨ ਵਾਲਾ ਸਥਾਨ ਪ੍ਰਚਾਰ ਕੇ ਸੰਗਤਾਂ ਦਾ ਇੱਕਠ ਹੋ ਰਿਹਾ ਹੈ।ਕੋਈ ਸ਼ਹੀਦਾਂ ਦੇ ਪਹਿਰੇ ਬਾਬਤ ਗੱਲ ਕਰਦਾ ਹੈ।ਅਤੇ ਕੁਝ ਸਮੇਂ ਤੋਂ ਇੱਕ ਨਵੀਂ ਪਿਰਤ ਚੌਪਹਿਰੇ ਦੀ ਸ਼ੁਰੂ ਹੋ ਗਈ ਹੈ।ਬਾਣੀ ਜਿੰਨੀ ਮਰਜ਼ੀ ਪੜ੍ਹੋ, ਜਿਹੜੀ ਮਰਜੀ ਅਤੇ ਜਿਹੜੇ ਮਰਜੀ ਸਮੇਂ ਪੜ੍ਹੋ, ਕੋਈ ਇਤਰਾਜ ਨਹੀਂ।ਖੁਸ਼ੀ ਅਤੇ ਸੰਤੁਸ਼ਟੀ ਦੀ ਗੱਲ ਹੈ ਪਰ ਉਸ ਨਾਲ ਆਪਣੀਆਂ ਦੁਨਿਆਵੀ ਮੰਗਾਂ ਪੂਰੀਆਂ ਹੋਣ ਨੂੰ ਜੋੜ ਲੈਣਾ ਠੀਕ ਨਹੀਂ।ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਮ੍ਰਿਤ ਵੇਲੇ ਤੋਂ ਤੋੜਨ ਦੀ ਸਾਜਿਸ਼ ਤਹਿਤ ਚੌਪਹਿਰੇ ਸ਼ੁਰੂ ਕੀਤੇ ਗਏ ਹਨ।ਕਾਰਨ ਜੋ ਵੀ ਹੋਵੇ, ਸਿੱਖਾਂ ਦਾ ਵੱਡਾ ਹਿੱਸਾ ਇਸ ਨਵੇਂ ਕਰਮ ਕਾਂਡ ਵੱਲ ਰੁਚਿਤ ਹੋ ਗਿਆ ਹੈ।ਕਿਉਂਕਿ ਗੁਰਬਾਣੀ ਦਾ ਆਪ ਅਧਿਐਨ ਕਰਨਾ ਅਤੇ ਉਸਨੂੰ ਜੀਵਨ ਵਿਚ ਕਮਾਉਣ ਦੇ ਔਖੇ ਕੰਮ ਨਾਲੋਂ ਅਜਿਹੇ ਕਰਮ ਕਾਂਡ ਕਰਨੇ ਸੌਖੇ ਲੱਗਦੇ ਹਨ।ਵਾਹਿਗੁਰੂ ਮਿਹਰ ਕਰੇ।ਸਾਨੂੰ ਗੁਰਬਾਣੀ ਦੀ ਸੋਝੀ ਬਖਸ਼ੇ ਅਤੇ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਆ ਜਾਵੇ।

# ਸੁਨੀਲ ਗ੍ਰੋਵਰ: ਭਾਰਤੀ ਹਾਸੇ ਦਾ ਜੀਉਂਦਾ ਕੈਨਵਸ ਹੈ



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਿਊਜ਼ੀਲੈਂਡ

ਭਾਰਤੀ ਮਨੋਰੰਜਨ ਦੀ ਵਿਸ਼ਾਲ ਅਤੇ ਲਗਾਤਾਰ ਬਦਲਦੀ ਦੁਨੀਆ ਵਿੱਚ ਬਹੁਤ ਘੱਟ ਕਲਾਕਾਰ ਅਜਿਹੇ ਹੁੰਦੇ ਹਨ ਜੋ ਸਿਰਫ਼ ਲੋਕਪ੍ਰਿਯ ਹੋ ਕੇ ਨਹੀਂ ਰਹਿ ਜਾਂਦੇ, ਸਗੋਂ ਸੱਭਿਆਚਾਰਕ ਯਾਦ ਦਾ ਹਿੱਸਾ ਬਣ ਜਾਂਦੇ ਹਨ। ਸੁਨੀਲ ਗ੍ਰੋਵਰ ਐਸਾ ਹੀ ਇੱਕ ਵਿਲੱਖਣ ਨਾਮ ਹੈ। ਉਹ ਨਾ ਕੇਵਲ ਇੱਕ ਕਾਮੇਡੀਅਨ ਹਨ ਅਤੇ ਨਾ ਹੀ ਸਿਰਫ਼ ਕਿਰਦਾਰ ਨਿਭਾਉਣ ਵਾਲੇ ਅਦਾਕਾਰ, ਬਲਕਿ ਉਹ ਇੱਕ ਐਸੇ ਕਲਾਕਾਰ ਹਨ ਜਿਨ੍ਹਾਂ ਨੇ ਭਾਰਤੀ ਕਾਮੇਡੀ ਦੀ ਭਾਸ਼ਾ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕੀਤਾ ਹੈ। ਉਨ੍ਹਾਂ ਦਾ ਸਫ਼ਰ ਰਾਤੋਂ-ਰਾਤ ਮਿਲੀ ਸ਼ੋਹਰਤ ਦੀ ਕਹਾਣੀ ਨਹੀਂ, ਸਗੋਂ ਸਾਲਾਂ ਦੀ ਮਿਹਨਤ, ਅਨੁਸ਼ਾਸਨ ਅਤੇ ਡੂੰਘੀ ਕਲਾਤਮਕ ਯਾਤਰਾ ਦਾ ਨਤੀਜਾ ਹੈ, ਜਿਸ ਨੇ ਪਰਦੇ ਉੱਤੇ ਹਾਸੇ, ਕਿਰਦਾਰ ਅਤੇ ਮਨੁੱਖੀ ਸੱਚਾਈ ਦੇ ਰਿਸ਼ਤੇ ਨੂੰ ਨਵਾਂ ਅਰਥ ਦਿੱਤਾ ਹੈ।

ਸੁਨੀਲ ਗ੍ਰੋਵਰ ਦੀ ਮਹਾਨਤਾ ਇਨਾਮਾਂ ਜਾਂ ਦਰਸ਼ਨਾਂ ਦੀ ਗਿਣਤੀ ਵਿੱਚ ਨਹੀਂ ਤੋਲੀ ਜਾ ਸਕਦੀ। ਉਸਦੀ ਅਸਲ ਉਪਲਬਧੀ ਇਹ ਹੈ ਕਿ ਕਰੋੜਾਂ ਲੋਕ ਉਸਦੇ ਕਿਰਦਾਰਾਂ ਵਿੱਚ ਆਪਣਾ ਆਪ ਵੇਖਦੇ ਹਨ। ਉਸਦੀ ਕਾਮੇਡੀ ਹਕੀਕਤ ਤੋਂ ਭੱਜਦੀ ਨਹੀਂ, ਬਲਕਿ ਨਰਮੀ, ਖੁਸ਼ਮਿਜ਼ਾਜ਼ੀ ਅਤੇ ਭਾਵਨਾਤਮਕ ਸਮਝ ਨਾਲ ਉਸਦਾ ਸਾਹਮਣਾ ਕਰਦੀ ਹੈ। ਸਾਲਾਂ ਦੇ ਦੌਰਾਨ ਉਸਨੇ ਹਾਸੇ ਦਾ ਇੱਕ ਜੀਉਂਦਾ ਅਰਕਾਈਵ ਤਿਆਰ ਕੀਤਾ ਹੈ—ਇੱਕ ਐਸਾ ਅਰਕਾਈਵ ਜੋ ਸਮਾਜਕ ਵਰਤਾਵ, ਸੱਭਿਆਚਾਰਕ ਵਿਡੰਬਨਾਵਾਂ ਅਤੇ ਮਨੁੱਖੀ ਕਮਜ਼ੋਰੀਆਂ ਨੂੰ ਬੜੀ ਸੁਖਮਤਾ ਨਾਲ ਦਰਜ ਕਰਦਾ ਹੈ।

### ਸੰਘਰਸ਼ ਤੋਂ ਕਲਾ ਤੱਕ ਦਾ ਸਫ਼ਰ

ਹਰਿਆਣਾ ਦੇ ਡੱਬਵਾਲੀ ਵਿੱਚ ਜਨਮੇ ਸੁਨੀਲ ਗ੍ਰੋਵਰ ਦਾ ਸਫ਼ਰ ਟੈਲੀਵਿਜ਼ਨ ਸਟੂਡੀਓਜ਼ ਦੀ ਚਮਕ ਅਤੇ ਸੈਲੀਬ੍ਰਿਟੀ ਸਭਿਆਚਾਰ ਤੋਂ ਕਾਫੀ ਦੂਰੋਂ ਸ਼ੁਰੂ ਹੁੰਦਾ ਹੈ। ਉਸਦੀ ਸਫ਼ਲਤਾ ਦਾ ਆਧਾਰ ਸ਼ਾਰਟਕੱਟ ਨਹੀਂ, ਸਗੋਂ ਅਨੁਸ਼ਾਸਨ, ਸਿੱਖਿਆ ਅਤੇ ਰੰਗਮੰਚੀ ਤਾਲੀਮ ਹੈ। ਗੁਰੂ ਨਾਨਕ ਖਾਲਸਾ ਕਾਲਜ ਅਤੇ ਬਾਅਦ ਵਿੱਚ ਪੰਜਾਬ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਵਿੱਚ ਮਿਲੀ ਸਿੱਖਿਆ ਨੇ ਉਸਨੂੰ ਆਪਣੇ ਫਨ ਪ੍ਰਤੀ ਉਹ ਸਨਮਾਨ ਦਿੱਤਾ, ਜੋ ਅਕਸਰ ਕਈ ਕਲਾਕਾਰਾਂ ਵਿੱਚ ਘੱਟ ਮਿਲਦਾ ਹੈ।

ਟੈਲੀਵਿਜ਼ਨ ਉੱਤੇ ਪਛਾਣ ਬਣਨ ਤੋਂ ਪਹਿਲਾਂ ਉਸਨੇ ਥੀਏਟਰ, ਰੇਡੀਓ, ਡਬਿੰਗ ਅਤੇ ਪਰਦੇ ਪਿੱਛੇ ਲੰਬਾ ਸੰਘਰਸ਼ ਕੀਤਾ। ਇਹ ਸਾਲ ਉਸਨੂੰ ਧੀਰਜ, ਗਹਿਰਾ ਨਿਰੀਖਣ ਅਤੇ ਦਰਸ਼ਕਾਂ ਦੀ ਮਨੋਵਿਗਿਆਨਕ ਸਮਝ ਦੇ ਗਏ। ਇਸੇ ਕਰਕੇ ਉਸਦੀ ਕਾਮੇਡੀ ਕਦੇ ਵੀ ਖਾਲੀ ਜਾਂ ਹਤਾਸ ਨਹੀਂ ਲੱਗਦੀ। ਸਭ ਤੋਂ ਵਧੇਰੇ ਅਤਿਰੰਜਿਤ ਕਿਰਦਾਰਾਂ ਵਿੱਚ ਵੀ ਇੱਕ ਅਸਲ ਮਨੁੱਖੀ ਕੇਂਦਰ ਹੁੰਦਾ ਹੈ—ਇੱਕ ਐਸੀ ਸੱਚਾਈ ਜੋ ਦ੍ਰਿਸ਼ ਖਤਮ ਹੋਣ ਤੋਂ ਬਾਅਦ ਵੀ ਦਰਸ਼ਕ ਦੇ ਚਿਹਰੇ ਉੱਤੇ ਮੁਸਕਾਨ ਛੱਡ ਜਾਂਦੀ ਹੈ

### ਤਾਨੇ ਦੀ ਨਹੀਂ, ਨਿਰੀਖਣ ਦੀ ਕਾਮੇਡੀ

ਸੁਨੀਲ ਗ੍ਰੋਵਰ ਅਤੇ ਰਵਾਇਤੀ ਕਾਮੇਡੀਅਨਾਂ ਵਿੱਚ ਸਭ ਤੋਂ ਵੱਡਾ ਅੰਤਰ ਇਹ ਹੈ ਕਿ ਉਹ ਤਾਨਾ ਨਹੀਂ ਮਾਰਦਾ। ਉਸਦੀ ਕਾਮੇਡੀ ਅਪਮਾਨਜਨਕ ਨਹੀਂ ਹੁੰਦੀ। ਉਹ ਆਲੋਚਨਾਤਮਕ ਹੋ ਸਕਦੀ ਹੈ, ਪਰ ਤਿਰਸਕਾਰਪੂਰਕ ਨਹੀਂ। ਉਹ ਉਂਗਲ ਨਹੀਂ ਉਠਾਉਂਦਾ, ਸਗੋਂ ਸਮਾਜ ਅੱਗੇ ਆਇਨਾ ਰੱਖਦਾ ਹੈ। ਉਸਦੇ ਕਿਰਦਾਰ ਹਕੀਕਤ ਨੂੰ ਵਧਾ-ਚੜ੍ਹਾ ਕੇ ਦਿਖਾਉਂਦੇ ਹਨ, ਪਰ ਉਸਨੂੰ ਹੇਠਾਂ ਨਹੀਂ ਦਿਖਾਉਂਦੇ। ਇਹੀ ਨੈਤਿਕ ਆਧਾਰ ਉਸਦੀ ਕਾਮੇਡੀ ਨੂੰ ਹਰ ਥਾਂ ਸਵੀਕਾਰਯੋਗ ਅਤੇ ਆਦਰਯੋਗ ਬਣਾਉਂਦਾ ਹੈ।

ਗ੍ਰੋਵਰ ਜਾਣਦਾ ਹੈ ਕਿ ਸਭ ਤੋਂ ਤਾਕਤਵਰ ਹਾਸਾ ਉਹ ਹੁੰਦਾ ਹੈ ਜੋ ਪਛਾਣ ਤੋਂ ਜੰਮਦਾ ਹੈ। ਉਸਦੇ ਕਿਰਦਾਰ ਸਾਨੂੰ ਇਸ ਲਈ ਆਪਣੇ ਲੱਗਦੇ ਹਨ ਕਿਉਂਕਿ ਉਹ ਸਾਡੇ ਆਲੇ-ਦੁਆਲੇ ਦੇ ਲੋਕਾਂ ਵਰਗੇ ਹੁੰਦੇ ਹਨ—ਅਹੰਕਾਰੀ ਵਪਾਰੀ, ਮਾਸੂਮ ਪ੍ਰਸ਼ੰਸਕ, ਉੱਚੀ ਆਵਾਜ਼ ਵਾਲੇ ਪਰਿਵਾਰ, ਅਹੰਕਾਰ ਵਿੱਚ ਡੁੱਬੀ ਸੱਤਾ ਅਤੇ ਸੁਪਨੇ ਦੇਖਣ ਵਾਲੇ ਆਮ ਲੋਕ।






ਸੁਨੀਲ ਗਰੋਵਰ

### ਕਿਰਦਾਰ ਜੋ ਸੱਭਿਆਚਾਰਕ ਯਾਦ ਬਣ ਗਏ

ਭਾਰਤੀ ਟੈਲੀਵਿਜ਼ਨ ਉੱਤੇ ਹਜ਼ਾਰਾਂ ਕਾਮੇਡੀ ਕਿਰਦਾਰ ਆਏ ਤੇ ਗਏ, ਪਰ ਬਹੁਤ ਘੱਟ ਲੋਕਾਂ ਦੀ ਰੋਜ਼ਮਰਰਾ ਭਾਸ਼ਾ ਦਾ ਹਿੱਸਾ ਬਣੇ। ਸੁਨੀਲ ਗ੍ਰੋਵਰ ਨੇ ਇਹ ਕਾਮਯਾਬੀ ਵਾਰ-ਵਾਰ ਹਾਸਲ ਕੀਤੀ।ਡਾ. ਮਸ਼ਹੂਰ ਗੁਲਾਟੀ ਪਹਿਲੀ ਨਜ਼ਰ ਵਿੱਚ ਇੱਕ ਗੈਰ-ਜ਼ਿੰਮੇਵਾਰ ਤੇ ਹਾਸੇਜੋਗ ਡਾਕਟਰ ਲੱਗਦਾ ਹੈ, ਪਰ ਉਸਦੇ ਅੰਦਰ ਸੱਤਾ, ਅਹੰਕਾਰ ਅਤੇ ਪਖੰਡ ਉੱਤੇ ਤੇਜ਼ ਵਿਅੰਗ ਛੁਪਿਆ ਹੋਇਆ ਹੈ। ਉਸਦੀ ਦਿਖਾਵਟੀ ਗੰਭੀਰਤਾ, ਭਾਵਨਾਤਮਕ ਅਸਥਿਰਤਾ ਅਤੇ ਝੂਠਾ ਆਤਮ-ਵਿਸ਼ਵਾਸ ਅਸਲ ਦੁਨੀਆ ਵਿੱਚ ਤਾਕਤ ਦੇ ਵਰਤਾਓ ਨੂੰ ਬਿਆਨ ਕਰਦੇ ਹਨ। ਲੋਕ ਸਿਰਫ਼ ਹੱਸਦੇ ਨਹੀਂ ਸਨ, ਸਗੋਂ ਆਪਣੇ ਆਪ ਨੂੰ ਉਸ ਵਿੱਚ ਵੇਖਦੇ ਸਨ।ਗੁੱਥੀ ਦੇ ਕਿਰਦਾਰ ਵਿੱਚ ਗ੍ਰੋਵਰ ਦੀ ਨਿਡਰਤਾ ਸਪਸ਼ਟ ਦਿਖਾਈ ਦਿੰਦੀ ਹੈ। ਅਸਪਸ਼ਟ ਲਿੰਗ ਅਭਿਵਿਆਕਤੀ ਅਤੇ ਬਚਕਾਣੀ ਮਾਸੂਮ ਦੇ ਬਾਵਜੂਦ, ਗੁੱਤੀ ਕਦੇ ਵੀ ਕਾਰਟੂਨ ਨਹੀਂ ਬਣੀ। ਬਾਲੀਵੁੱਡ ਸਿਤਾਰਿਆਂ ਪ੍ਰਤੀ ਉਸਦੀ ਦੀਵਾਨਗੀ ਸੈਲੀਬ੍ਰਿਟੀ ਪੂਜਾ ਉੱਤੇ ਇੱਕ ਨਰਮ ਟਿੱਪਣੀ ਸੀ—ਨਾ ਕਰੂੜ, ਨਾ ਅਪਮਾਨਜਨਕ।

ਰਿੰਕੂ ਭਾਬੀ ਅਤਿਰੰਜਨਾ ਦੀ ਚਰਮ ਸੀਮਾ ਸੀ—ਬੇਝਿਜਕ, ਉੱਚੀ ਆਵਾਜ਼ ਵਾਲੀ, ਭਾਵੁਕ ਅਤੇ ਪੂਰੇ ਵਿਸ਼ਵਾਸ ਨਾਲ ਭਰੀ ਹੋਈ। ਇਹ ਕਿਰਦਾਰ ਰਵਾਇਤੀ ਮਰਿਆਦਾਵਾਂ ਨੂੰ ਤੋੜਦਾ ਹੈ। ਇਹ ਸਿਰਫ਼ ਹੈਰਾਨ ਕਰਨ ਲਈ ਨਹੀਂ ਸੀ, ਸਗੋਂ ਪੂਰੇ ਵਿਸ਼ਵਾਸ ਨਾਲ ਨਿਭਾਇਆ ਗਿਆ ਕਿਰਦਾਰ ਸੀ, ਜਿਸ ਨੇ ਆਲੋਚਨਾ ਨੂੰ ਹਾਸੇ ਵਿੱਚ ਬਦਲ ਦਿੱਤਾ।ਇਨ੍ਹਾਂ ਤੋਂ ਇਲਾਵਾ, ਗ੍ਰੋਵਰ ਨੇ ਦਰਜਨਾਂ ਹੋਰ ਕਿਰਦਾਰ ਨਿਭਾਏ—ਹਰੇਕ ਦੀ ਆਪਣੀ ਚਾਲ, ਲਹਿਜ਼ਾ, ਭਾਵਨਾਤਮਕ ਤਾਪਮਾਨ ਅਤੇ ਆਵਾਜ਼ ਸੀ।

### ਨਕਲ ਨਹੀਂ, ਕਲਾ

ਸੁਨੀਲ ਗ੍ਰੋਵਰ ਦੀ ਮਿਮਿਕਰੀ ਸਿਰਫ਼ ਆਵਾਜ਼ ਜਾਂ ਅਦਾਕਾਰੀ ਦੀ ਨਕਲ ਨਹੀਂ। ਅਮਿਤਾਭ ਬੱਚਨ, ਸ਼ਾਹਰੁਖ਼ ਖਾਨ, ਸਲਮਾਨ ਖਾਨ, ਆਮਿਰ ਖਾਨ, ਧਰਮਿੰਦਰ, ਸਨੀ ਦੇਓਲ, ਓਮ ਪੁਰੀ, ਕਨ੍ਹੈਯਾਲਾਲ ਅਤੇ ਮੇਹਰ ਮਿੱਤਲ ਵਰਗੇ ਮਹਾਨ ਕਲਾਕਾਰਾਂ ਦੀ ਪੇਸ਼ਕਾਰੀ ਵਿੱਚ ਉਹ ਉਨ੍ਹਾਂ ਦੀ ਆਤਮਾ ਫੜਦਾ ਹੈ।'ਕੌਨ ਬਣੇਗਾ ਕਰੋੜਪਤੀ' ਵਿੱਚ ਅਮਿਤਾਭ ਬੱਚਨ ਦੀ ਨਕਲ ਕਰਦੇ ਸਮੇਂ ਉਸਦੀ ਖਾਮੋਸ਼ੀ, ਗਰਿਮਾ ਅਤੇ ਠਹਿਰਾਅ ਵੀ ਜੀਉਂਦਾ ਹੋ ਜਾਂਦਾ ਹੈ। ਸ਼ਾਹਰੁਖ਼ ਦੀ ਮੋਹਕਤਾ, ਸਲਮਾਨ ਦੀ ਸਹਜਤਾ, ਆਮਿਰ ਦੀ ਪੂਰਨਤਾ ਦੀ ਲਾਲਸਾ ਅਤੇ ਧਰਮਿੰਦਰ ਦੀ ਮਿੱਟੀ ਨਾਲ ਜੁੜੀ ਮਰਦਾਨਗੀ—ਸਭ ਕੁਝ ਸਨਮਾਨ ਨਾਲ ਪੇਸ਼ ਹੁੰਦਾ ਹੈ।

### ਨਤੀਜਾ

ਸੁਨੀਲ ਗ੍ਰੋਵਰ ਸਿਰਫ਼ ਕਾਮੇਡੀਅਨ ਨਹੀਂ। ਉਹ ਇੱਕ ਸੱਭਿਆਚਾਰਕ ਇਤਿਹਾਸਕਾਰ, ਮਨੁੱਖੀ ਸੰਵੇਦਨਾਵਾਂ ਦਾ ਸ਼ਿਲਪਕਾਰ ਅਤੇ ਸੱਚੀ ਕਲਾ ਦਾ ਰਖਵਾਲਾ ਹੈ।ਉਹ ਭਾਰਤੀ ਹਾਸੇ ਦਾ ਜੀਉਂਦਾ ਕੈਨਵਸ ਹੈ—ਜਿਸਨੂੰ ਮਸ਼ੀਨਾਂ ਵਿਸ਼ਲੇਸ਼ਣ ਕਰ ਸਕਦੀਆਂ ਹਨ, ਪਰ ਮਹਿਸੂਸ ਸਿਰਫ਼ ਮਨੁੱਖੀ ਦਿਲ ਕਰ ਸਕਦਾ ਹੈ।

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**

# ਆਓ ਖੁਸ਼ੀਆਂ ਖੇੜੇ ਵੰਡੀਏ



**ਡਾ. ਨਰਿੰਦਰ ਭੱਪਰ ਝਬੇਲਵਾਲੀ।**
6284145349

ਸਿਆਣਿਆਂ ਨੇ ਆਖਿਆ ਹੈ ,
ਵੰਡੀਏ ਖੁਸ਼ੀ ਤਾਂ ਹੋਵੇ ਦੂਣੀ,
ਵੰਡੀਏ ਗਮੀ ਤਾਂ ਹੋਵੇ ਊਣੀ।
ਖਾਣੇ ਨੂੰ ਅੱਧਾ ਕਰ, ਪਾਣੀ ਨੂੰ ਦੂਗਣਾ,
ਤਿੰਨ ਗੁਣਾ ਕਸਰਤ ਹਾਸੇ ਨੂੰ ਚੌਗੁਣਾ।

ਅੱਜ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਆਦਮੀ ਨੂੰ ਹੱਸਣਾ ਦੀ ਵਿਹਲ ਨਹੀਂ ਮਿਲਦੀ। ਪਰ ਨਾ ਹੱਸਣਾ ਵੀ ਪਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ।ਕਈ ਲੋਕ ਇੱਕ ਦੂਜੇ ਕੋਲੇ ਦੁੱਖਾਂ ਦਾ ਜ਼ਿਕਰ ਕਰਨ ਲੱਗ ਜਾਂਦੇ ਹਨ। ਡਾਕਟਰਾਂ ਅਨੁਸਾਰ ਹੱਸਣਾ ਸਿਹਤ ਲਈ ਬਹੁਤ ਜ਼ਰੂਰੀ ਹੈ, ਅਤੇ ਇੱਕ ਚੰਗੇ ਟਾਨਿਕ ਦਾ ਕੰਮ ਕਰਦਾ ਹੈ। ਮੈਰੀਲੈਂਡ ਯੂਨੀਵਰਸਿਟੀ ਦੇ ਡਾਕਟਰ @ਜੂਡੀ@ ਹੱਸਣ ਨਾਲ ਦਿਲ ਦੇ ਰੋਗਾਂ ਦੇ ਇਲਾਜ਼ ਕਰਨ ਲਈ ਮਸ਼ਹੂਰ ਸਨ। ਉਨਾਂ ਅਨੁਸਾਰ ਹੱਸਣ ਨਾਲ ਦਿਲ, ਫੇਫੜਿਆਂ, ਜ਼ਿਗਰ ਦੀ ਕਸਰਤ ਹੋ ਜਾਂਦੀ ਹੈ । ਹੱਸਣ ਦਾ ਕੋਈ ਪੈਸਾ ਨਹੀਂ ਲੱਗਦਾ। ਪਰ ਲਾਭ ਬਹੁਤ ਹਨ। ਹੱਸਣ ਨਾਲ ਸਾਡੇ ਦਿਮਾਗ ਵਿੱਚ ਖੁਸ਼ੀ ਦੇ ਹਾਰਮੋਨ ਪੈਦਾ ਹੁੰਦੇ ਹਨ। ਜੋ ਸਿਹਤ ਲਈ ਫਾਇਦੇਮੰਦ ਹਨ ਜਿਵੇਂ ਸਿਰੋਟਿਨ, ਐਂਡੋਰਫਿਨ ਹਾਰਮੋਨ ਆਦਿ । ਇਹ ਹਾਰਮੋਨ ਸਾਡੇ ਦਿਮਾਗ ਵਿੱਚ ਬਨਦੇ ਰਹਿੰਦੇ ਹਨ । ਪਰ ਹੱਸਣ ਨਾਲ ਇਹ ਜ਼ਿਆਦਾ ਮਾਤਰਾ ਵਿੱਚ ਬਣਦੇ ਹਨ। ਜ਼ਿਆਦਾ ਖੁੱਲ ਕੇ ਹੱਸਣ ਨਾਲ ਸਾਡੇ ਸਰੀਰ ਵਿੱਚ ਲਹੂ ਦੇ ਸੰਚਾਰ ਦੀ ਗਤੀ ਵੱਧ ਜਾਂਦੀ ਹੈ ਅਤੇ ਪਾਚਨ -ਕਿਰਿਆ ਠੀਕ ਕੰਮ ਕਰਦੀ ਹੈ। ਹੱਸਣ ਨਾਲ ਸਾਡੇ ਸਰੀਰ ਵਿੱਚ ਆਕਸੀਜਨ ਜ਼ਿਆਦਾ ਤੇਜ਼ੀ ਨਾਲ ਪਹੁੰਚਦੀ ਹੈ ,ਅਤੇ ਕਾਰਬਨ ਡਾਈਆਕਸਾਈਡ ਜ਼ਿਆਦਾ ਮਾਤਰਾ ਵਿੱਚ ਬਾਹਰ ਨਿਕਲਦੀ ਹੈ । ਖੁੱਲ ਕੇ ਹੱਸਣ ਨਾਲ ਪਾਚਨ ਕਿਰਿਆ ਵੀ ਠੀਕ ਹੁੰਦੀ ਹੈ। ਹੱਸਣ ਨਾਲ ਪੇਟ ਦੀ ਮਾਲਿਸ਼ ਆਪਣੇ ਆਪ ਹੋ ਜਾਂਦੀ ਹੈ। ਖੁੱਲ ਕੇ ਹੱਸਣ ਨਾਲ ਸਾਡੇ ਸਰੀਰ ਵਿੱਚ ਊਰਜ਼ਾ ਦਾ ਸੰਚਾਰ ਹੁੰਦਾ ਹੈ। ਸਾਡੀ ਸਰੀਰਕ ਸ਼ਕਤੀ ਵਧਦੀ ਹੈ ਅਤੇ ਪੱਠਿਆਂ ਦਾ ਖਿਚਾਅ, ਸਟ੍ਰੈੱਸ ਹਾਰਮੋਨਸ, ਬੀਪੀ, ਦਿਲ ਦੇ ਰੋਗਾਂ ਦਾ ਖ਼ਤਰਾ ਘਟਦਾ ਹੈ। ਸਿਗਮੰਡ ਫਰਾਇਡ ਦੱਸਦਾ ਹੈ ਕਿ ਹੱਸਣਾ ਤਣਾਅ ਨੂੰ ਘਟਾਉਂਦਾ ਹੈ ਤੇ ਮਾਨਸਿਕ ਰੋਗਾਂ ਨੂੰ ਠੀਕ ਕਰਨ ਵਿੱਚ ਸਹਾਈ ਹੁੰਦਾ ਹੈ । ਹੱਸਣਾ ਸਾਡੇ ਲਈ ਬਹੁਤ ਲਾਹੇਵੰਦ ਖ਼ੁਰਾਕ ਹੈ ।ਵਿਗਿਆਨੀਆਂ ਖੋਜ ਅਨੁਸਾਰ ਰੋਜ਼ਾਨਾ 10-15 ਮਿੰਟ ਹੱਸਣ ਨਾਲ 20 ਤੋਂ 40 ਕੈਲੋਰੀਜ਼ ਦੀ ਖ਼ਪਤ ਹੁੰਦੀ ਹੈ ,ਅਤੇ 400 ਮਾਸਪੇਸ਼ੀਆਂ ਹਰਕਤ ਵਿੱਚ ਆਉਂਦੀਆਂ ਹਨ। ਜਿਸ ਨਾਲ ਪਸੀਨਾ ਜ਼ਿਆਦਾ ਆਉਂਦਾ ਹੈ ਅਤੇ ਚਮੜੀ ਦੇ ਮੁਸਾਮਾਂ ਖੋਲਦੇ ਹਨ। ਜਿਸ ਨਾਲ ਸਰੀਰ ਦੀ ਗੰਦਗੀ ਬਾਹਰ ਨਿਕਲ ਜਾਂਦੀ ਹੈ । ਉੱਚੀ -ਉੱਚੀ ਹੱਸਣ ਨਾਲ ਢਿੱਡ ਦੇ ਅੰਗ ਠੀਕ ਤਰ੍ਹਾਂ ਕੰਮ ਕਰਦੇ ਹਨ। ਜਿਵੇਂ ਦਿਲ, ਫੇਫੜੇ ,ਛਾਤੀ ਪੇਟ ਵੀ ਠੀਕ ਢੰਗ ਨਾਲ ਕੰਮ ਕਰਦੇ ਹਨ। ਹੱਸਣ ਨਾਲ ਸਰੀਰ ਦੀ ਅੰਦਰਲੀ ਤੇ ਬਾਹਰੀ ਕਸਰਤ ਹੁੰਦੀ ਹੈ। ?ਚੁਸਤੀ -ਫੁਰਤੀ ਬਣੀ ਰਹਿੰਦੀ ਹੈ। ਵਿਕਸਿਤ ਦੇਸ਼ਾਂ ਵਿੱਚ ਮਰੀਜ਼ਾਂ ਨੂੰ ਜਲਦੀ ਠੀਕ ਕਰਨ ਲਈ ਲਾਫਿੰਗ -ਥਰੈਪੀ ਦੀ ਵਰਤੋਂ ਕੀਤੀ ਜਾਂਦੀ ਹੈ । ਹੱਸਣ ਨਾਲ ਨਾਲ ਸਾਡੇ ਦਿਲ ਦੀ ਸੁਰੱਖਿਆ ਪ੍ਰਣਾਲੀ ਮਜਬੂਤ ਹੁੰਦੀ ਹੈ। ਇਸ ਨਾਲ ਸਾਡੀ ਰੋਗ ਪ੍ਰਤੀਰੋਧਕ ਸ਼ਕਤੀ ਵੱਧਦੀ ਹੈ । ਹੱਸਣ ਨਾਲ ਚਿੰਤਾ ਤੇ ਗੁੱਸਾ ਸ਼ਾਂਤ ਹੁੰਦਾ ਹੈ । ਮਨੁੱਖ ਲੰਮੀ ਉਮਰ ਭੋਗਦਾ ਹੈ। ਖੁਸ਼ ਰਹਿਣ ਵਾਲੇ ਲੋਕਾਂ ਨੂੰ ਸਾਰੇ ਪਸੰਦ ਕਰਦੇ ਹਨ । ਹੱਸਣਾ ਸਾਨੂੰ ਉਦਾਸੀ ਦੀ ਦਲ -ਦਲ ਵਿੱਚੋਂ ਬਾਹਰ ਕੱਢਦਾ ਹੈ, ਅਤੇ ਖੁਸ਼ੀ ਦੇ ਰਸਤੇ ਤੇ ਤੋਰਦਾ ਹੈ । ਖੁਸ਼ੀ ਤੇ ਹਾਸਾ ਮਨੁੱਖ ਨੂੰ ਹਰ ਤਰ੍ਹਾਂ ਪ੍ਰਭਾਵਿਤ ਕਰਦਾ ਹੈ । ਖੁਸ਼ ਰਹਿਣ ਵਾਲੇ ਮਨੁੱਖ ਦੀ ਸਾਰੇ ਸੰਗਤ ਮਾਨਣਾ ਪਸੰਦ ਕਰਦੇ ਹਨ । ਤੁਸੀਂ ਜ਼ਿੰਨਾ ਹੱਸਦੇ ਖੇਡਦੇ ਰਹੋਗੇ ਜਿੰਦਗੀ ਜਿਉਣ ਦੀ ਤਮੰਨਾ ਉਹਨੀਂ ਹੀ ਵਧੇਗੀ। ਹਾਸੇ ਦਾ ਸਬੰਧ ਦਿਆ ਨਾਲ ਹੈ ਨਾ ਕਿ ਊਲ -ਜਲੂਲ ਹਰਕਤਾਂ ਨਾਲ । ਹਲਕੇ ਚੁਟਕਲਿਆਂ ਨੂੰ ਹਾਸ -ਰਸ ਨਹੀਂ ਕਿਹਾ ਜਾ ਸਕਦਾ। ਹਾਸਾ ਦਿਮਾਗੀ ਪ੍ਰਕਿਰਿਆ ਨਾਲ ਸਬੰਧ ਰੱਖਦਾ ਹੈ। ਹਾਸਾ ਉਦੋਂ ਆਉਂਦਾ ਹੈ, ਜਦੋਂ ਸਾਡਾ ਮੂਡ ਤਣਾਅ ਰਹਿਤ ਹੋਵੇ । ਹਾਸੇ ਦੀਆਂ ਕਈ ਕਿਸਮਾਂ ਹਨ, ਨਿਰਛਲ ਹਾਸਾ, ਮਸੂਮ ਹਾਸਾ, ਗੁਝਾ ਹਾਸਾ, ਮੁਸਕੜੀਏਂ ਹੱਸਣਾ, ਖਿੜ -ਖਿੜਾ ਕੇ ਹੱਸਣਾ, ਠਹਾਕੇ ਮਾਰ ਕੇ ਹੱਸਣਾ। ਹਾਸਾ ਸਮੇਂ ਅਨੁਸਾਰ ਹੋਣਾ ਚਾਹੀਦਾ ਹੈ। ਕਿਸੇ ਦੇ ਘਰ ਅਫ਼ਸੋਸ ਕਰਨ ਜਾਣ ਸਮੇਂ ਸਾਨੂੰ ਹੱਸਣਾ ਨਹੀਂ। ਅਸਲ ਹਾਸਾ ਉਹ ਹੈ ਜੋ ਸੁਭਾਵਿਕ ਹੋਏ ਦਿਖਾਵੇ ਦਾ ਨਹੀਂ। ਗੰਦੇ ਮਜ਼ਾਕ ਕਰਕੇ ਹੱਸਣਾ ਮਾੜਾ ਹੈ । ਅਜਿਹਾ ਹਾਸਾ ਕਈ ਵਾਰੀ ਹਾਸੇ ਦਾ ਤਮਾਸ਼ਾ ਬਣ ਜਾਂਦਾ ਹੈ। ਇਸ ਨਾਲ ਲੜਾਈ ਦਾ ਸਬੱਬ ਬਣ ਜਾਂਦਾ ਹੈ।ਹਾਸਾ ਖੁਸ਼ੀ ਦੇਣ ਵਾਲਾ ਹੋਵੇ ।ਮਹਾਤਮਾ ਗਾਂਧੀ ਜੀ ਚੁੱਪ ਕੀਤੇ ਸਨ ,ਪਰ ਉਹਨਾਂ ਵਿੱਚੋਂ ਹਾਸੇ ਦੀ ਭਾਵਨਾ ਝਲਕਦੀ ਸੀ । ਦੂਜੇ ਪਾਸੇ ਜਰਮਨੀ ਦਾ ਤਾਨਾਸ਼ਾਹ ਹਿਟਲਰ ਨਾ ਆਪ ਹੱਸਦਾ ਸੀ ਤੇ ਨਾ ਹੱਸਣ ਦਿੰਦਾ ਸੀ । ਹਾਸਾ ਮਨੁੱਖ ਦੇ ਆਪਣੇ ਸੁਭਾਅ 'ਤੇ ਨਿਰਭਰ ਕਰਦਾ ਹੈ। ਕਿਹਾ ਜਾਂਦਾ ਹੈ ਕਿ ਹਾਸੇ ਤੇ ਖੁਸ਼ ਰਹਿਣ ਦੀ ਭਾਵਨਾ 50 ਪ੍ਰਤੀਸ਼ਤ ਬੱਚਿਆਂ ਨੂੰ ਮਾਪਿਆਂ ਤੋਂ ਵਿਰਾਸਤ ਵਿੱਚ ਮਿਲਦੀ ਹੈ। 10 ਪ੍ਰਤੀਸ਼ਤ ਅਤੇ ਸੁਹੱਪਣ ,ਅਮੀਰੀ, ਸ਼ਾਨੋ ਸ਼ੌਕਤ ਤੋਂ ਮਿਲਦੀ ਹੈ। 40% ਕੁਦਰਤੀ ਸੋਮੇ ਵਾਂਗੂ ਮਨੁੱਖ ਦੇ ਅੰਦਰੋਂ ਪੈਦਾ ਹੁੰਦੀ ਹੈ। ਇਸ ਲਈ ਸਾਨੂੰ ਖੁੱਲ ਕੇ ਹੱਸਣਾ ਚਾਹੀਦਾ ਤੇ ਤਣਾਅ ਮੁਕਤ ਜਿੰਦਗੀ ਜਿਉਣੀ ਚਾਹੀਦੀ ਹੈ। ਤਾਹੀਓ ਤਾਂ ਕਹਿੰਦੇ ਨੇ ਸੱਜਣ ਜੀ ਹੱਸਦਿਆਂ ਦੇ ਘਰ ਵੱਸਦੇ।

# ਲੱਭ ਲਏ ਲਾਲ ਗੁਆਚੇ ਮਾਨਸਾ ਦੇ ਜੋਗੀ ਨੇ



ਜਗਦੇਵ ਸਿੱਧੂ
825 712 1135

**ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ - ਇਸ ਗੀਤ ਦੀ ਭੂਮਿਕਾ ਜਿਵੇਂ ਅਸ਼ੋਕ ਨੇ ਸਿਰਜੀ ਹੈ ਉਹ ਆਪਣੇ ਆਪ ਵਿੱਚ ਕਮਾਲ ਦੀ ਕਾਰੀਗਰੀ ਹੈ। ਲੋਕ ਗੀਤਾਂ ਦੀ ਪ੍ਰੀਭਾਸ਼ਾ ਇਉਂ ਦਿੱਤੀ ਹੈ - ਲੋਕ ਗੀਤ ਉਹ ਹੁੰਦਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਸਫਰ ਕਰਦਾ ਹੈ ਤੇ ਸਾਨੂੰ ਉਸ ਦੇ ਗੀਤਕਾਰ ਦਾ ਨਾਮ ਪਤਾ ਨਹੀਂ ਹੁੰਦਾ। ਸਤਿੰਦਰ ਸਰਤਾਜ ਦੀ ਪਹਿਲੀ ਐਲਬਮ ਵੀ ਅਸ਼ੋਕ ਨੇ ਰਿਕਾਰਡ ਕਰਵਾਈ ਸੀ।ਸਾਜਨ ਰਾਏਕੋਟੀ ਵਾਲ਼ੇ ਲੇਖ ਵਿੱਚ ਜਸਵੰਤ ਸਿੰਘ ਭੰਵਰੇ ਦੇ ਲੁਧਿਆਣੇ ਘੰਟਾ ਘਰ ਵਾਲ਼ੇ ਚੁਬਾਰੇ ਦਾ ਜ਼ਿਕਰ ਆਇਆ ਹੈ ਜੋ ਉਦੋਂ ਗੀਤਕਾਰਾਂ, ਗਾਇਕਾਂ, ਸਾਜ਼ਿੰਦਿਆਂ, ਕਲਾਕਾਰਾਂ ਅਤੇ ਅਦਬੀ ਲੋਕਾਂ ਦਾ ਮੱਕਾ ਹੁੰਦਾ ਸੀ।**


**ਨਈਂਉਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ਼ ਜੋਗੀਆ।**

ਮੁੱਦਤਾਂ ਤੋਂ ਲੋਕਾਂ ਦੇ ਮੂੰਹ-ਚੜ੍ਹੀ ਇਹ ਬੋਲੀ ਇੱਕ ਮਤਵਾਲੇ ਜੋਗੀ ਨੇ ਝੂਠੀ ਕਰ ਵਿਖਾਈ ਹੈ। ਇਹ ਜੋਗੀ ਨਾ ਤਾਂ ਕਿਸੇ ਗੋਰਖ ਨਾਥ ਦੇ ਟਿੱਲੇ ਤੋਂ ਆਇਆ ਹੈ, ਨਾ ਕਿਸੇ ਚਰਖੇ ਦੀ ਘੂਕ ਸੁਣ ਕੇ ਕਿਸੇ ਪਹਾੜੋਂ ਉਤਰਿਆ ਹੈ, ਨਾ ਕਿਸੇ ਹੀਰ ਦੀ ਖਾਤਰ ਕੰਨ ਪੜਵਾਕੇ ਜੋਗੀ ਬਣਿਆ ਹੈ, ਇਹ ਤਾਂ ਗੀਤਾਂ ਦਾ ਸ਼ੁਦਾਈ, ਪੰਜਾਬੀ ਦਾ ਸੱਚਾ ਸਪੂਤ ਮਾਨਸਾ ਦੇ ਟਿੱਬਿਆਂ (ਹੁਣ ਨਹੀਂ ਰਹੇ) ਤੋਂ ਚੀਚ-ਵਹੁਟੀਆਂ ਭਾਲ਼ਦਾ ਆ ਬਹੁੜਿਆ ਹੈ। ਇਸ ਨੇ ਜਦੋਂ ਵੀ ਬੀਨ ਵਜਾਈ, ਪੁਰਾਣੇ ਗੀਤਾਂ ਦੇ ਤਵਿਆਂ (ਰਕਾਟਾਂ- ਰਿਕਾਰਡਾਂ) ਨੇ ਸੱਪਾਂ ਵਾਂਗ ਕੰਨ ਚੁੱਕ ਲਏ, ਜਦੋਂ ਵੀ ਸਭਿਆਚਾਰ ਦੀ ਮਿੱਟੀ ਫਰੋਲ਼ੀ, ਉਸ ਵਿੱਚੋਂ ਅਲੋਪ ਹੋਏ ਭੁੱਲੇ-ਵਿੱਸਰੇ ਗੀਤਕਾਰਾਂ ਦੇ ਥੇਹ ਲੱਭ ਲਏ ਜੋ ਸਾਡੇ ਮਹਾਨ ਵਿਰਸੇ ਦੇ ਲਾਲ ਹਨ।

ਅਸ਼ੋਕ ਬਾਂਸਲ ਨੂੰ ਪਤਾ ਨਹੀਂ ਕੀ ਝੱਲ ਉੱਠਿਆ ਕਿ ਨਿੱਕਾ ਹੁੰਦਾ ਜੋ ਲਾਊਡ ਸਪੀਕਰਾਂ ’ਤੇ ਵਜਦੇ ਗਾਣੇ, ਕਲੀਆਂ, ਕਵੀਸ਼ਰੀ ਸੁਣਦਾ ਹੁੰਦਾ ਸੀ, ਵੱਡਾ ਹੋ ਕੇ ਉਨ੍ਹਾਂ ਦੀ ਪੈੜ ਨੱਪਣ ਤੁਰ ਪਿਆ। ਇਹ ਗਾਣੇ ਉਸ ਦੀ ਰੂਹ ਅੰਦਰ ਰਚ ਗਏ ਜਿੰਨ੍ਹਾਂ ਨੇ ਉਸ ਨੂੰ ਲੰਮੇ ਪੈਂਡਿਆਂ ਦਾ ਰਾਹੀ ਬਣਾ ਦਿੱਤਾ। ਇਨ੍ਹਾਂ ਗਾਣਿਆਂ ਦੇ ਗੀਤਕਾਰਾਂ, ਗਾਇਕਾਂ, ਤਵਿਆਂ, ਕੈਸਟਾਂ ਵਗੈਰਾ ਦੀ ਥਾਹ ਪਾਉਣ ਲਈ ਪਤਾ ਨਹੀਂ ਕਿੱਥੇ-ਕਿੱਥੇ ਗਿਆ, ਕੀਹਦਾ-ਕੀਹਦਾ ਕੁੰਡਾ ਖੜਕਾਇਆ ਅਤੇ ਕਿੰਨ੍ਹਾਂ-ਕਿੰਨ੍ਹਾਂ ਘਾਟਾਂ ਦਾ ਪਾਣੀ ਪੀਤਾ, ਆਖਰ ਇਸ ਮਿੱਟੀ ਨੂੰ ਫਰੋਲ਼ਦਾ-ਫਰੋਲ਼ਦਾ ਲਾਲਾਂ ਦੀਆਂ ਪਟਾਰੀਆਂ ਭਰ ਲਿਆਇਆ। ਬਹਿੰਗੀ ਦੀ ਇੱਕ ਪਟਾਰੀ ਵਿੱਚ ਚੜ੍ਹਦੇ ਪੰਜਾਬ ਦੇ ਅਤੇ ਦੂਜੀ ਵਿੱਚ ਲਹਿੰਦੇ ਪੰਜਾਬ ਦੇ ਲਾਲ ਹਨ ਜਿੰਨ੍ਹਾਂ ਨੂੰ ਉਸ ਨੇ ਦੋ ਕਿਤਾਬਾਂ ਦੇ ਵਰਕਿਆਂ ਉਪਰ ਸਚਿਆਰਪੁਣੇ ਨਾਲ਼ ਇਉਂ ਜੜ ਦਿੱਤਾ ਹੈ ਕਿ ਇਹ ਲਾਲ ਸਦਾ-ਸਦਾ ਲਈ ਚਮਕਦੇ ਰਹਿਣਗੇ। ਇਨ੍ਹਾਂ ਵਿੱਚੋਂ ਸਾਂਝੇ ਪੰਜਾਬ ਦਾ ਅਮੀਰ ਵਿਰਸਾ ਝਲਕਾਂ ਮਾਰਦਾ ਦਿਸਦਾ ਰਹੇਗਾ।

ਅਸ਼ੋਕ ਵੇਖਣ ਨੂੰ ਬੜਾ ਸੋਹਣਾ ਸਜਦਾ-ਫਬਦਾ, ਬਣਦਾ-ਤਣਦਾ ਜੁਆਨ ਹੈ। ਸਰੂ ਵਰਗਾ ਕੱਦ, ਭਰਵਾਂ ਸਰੀਰ, ਨਰੋਆ ਜੁੱਸਾ, ਹੱਸ-ਮੁੱਖ ਚਿਹਰਾ, ਅਲਬੇਲਾ ਗੱਭਰੂ, ਅੰਤਾਂ ਦਾ ਮਿਲਾਪੜਾਮਾਨਸਾ ਦਾ ਅਸਲੀ ‘ਮਾਨਸਾਹੀਆ’ ਹੈ। ਉਸ ਕੋਲ਼ ਗੀਤਕਾਰਾਂ ਤੇ ਗਾਇਕਾਂ ਬਾਰੇ ਅਥਾਹ ਜਾਣਕਾਰੀ ਹੈ ਜਿਸ ਵਿੱਚੋਂ ਉਸ ਨੇ ਕੁੱਝ ਨੂੰ ਦੋ ਕਿਤਾਬਾਂ ਦੀ ਸ਼ਕਲ ਵਿੱਚ ਸਾਡੇ ਸਨਮੁਖ ਕੀਤਾ ਹੈ। ਬਾਕੀ ਲਈ ਰਾਹ ਮੋਕਲ਼ਾ ਹੈ । ਚਲੋ ਉਸ ਦੀ ਪਹਿਲੀ ਕਿਤਾਬ ਦੇ ਵਰਕੇ ਫਰੋਲ਼ ਕੇ ਲਾਲ ਵੇਖਦੇ ਹਾਂ।

ਕਿਤਾਬ ਦਾ ਨਾਂ ਹੈ - ਮਿੱਟੀ ਨੂੰ ਫਰੋਲ਼ ਜੋਗੀਆ, ਅਣਮੁੱਲੇ ਗੀਤਕਾਰ - ਭਾਗ ਪਹਿਲਾ।




ਪ੍ਰਕਾਸ਼ਕ - ਗੁੱਡਵਿੱਲ ਪਬਲੀਕੇਸ਼ਨਜ਼ ਮਾਨਸਾ।
ਸਫ਼ੇ 206, ਕੀਮਤ 550 ਰੁਪਏ।

ਸਮਰਪਿਤ / ਉਨ੍ਹਾਂ ਮਹਾਨ ਗੀਤਕਾਰਾਂ ਨੂੰ / ਜੋ / ਪੰਜਾਬੀ ਬੋਲੀ ਦੇ ਗਲ਼ ਵਿੱਚ / ਗਹਿਣਿਆਂ ਵਰਗੇ / ਗੀਤ ਪਾ ਗਏ

ਇਸ ਸੰਗ੍ਰਹਿ ਵਿੱਚ1900 ਤੋਂ ਲੈ ਕੇ 1939 ਤੱਕ ਦੇ ਉਹ ਗੀਤਕਾਰ ਹਨ ਜੋ ਭਾਵੇਂ ਅਣਵੰਡੇ ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਪੈਦਾ ਹੋਏ ਪਰ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਆਣ ਵਸੇ। ਅਸ਼ੋਕ ਦੇ ‘ਆਪਣੇ ਵੱਲੋਂ’’ ਜਾਣਕਾਰੀ ਭਰਪੂਰ ਸ਼ਬਦ ਹਨ,“ਇਸ਼ਕ ਦੇਹ ਤੋਂ ਪਾਰ ਦੀ ਗੱਲ ਹੈ --- ਮੇਰਾ ਇਸ਼ਕ ਅਵੱਲੜਾ ਹੈ। ਜੇ ਕਿਤੇ ਢੱਡ-ਸਾਰੰਗੀ, ਤੂੰਬੀ-ਅਲਗੋਜ਼ੇ ਵੱਜਦੇ ਹੋਣ ਤਾਂ ਮੇਰੇ ਸਰੀਰ ਅੰਦਰ ਇੱਕ ਝਰਨਾਹਟ ਜਿਹੀ ਛਿੜਨ ਲਗ ਪੈਂਦੀ ਹੈ --- ਇਹੀ ਮੇਰਾ ਇਸ਼ਕ ਹੈ ਇਹੀ ਮੇਰਾ ਜਨੂੰਨ ਹੈ।’’ ਉਹ ਦਸਦਾ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਰਿਕਾਰਡ (ਤਵੇ) ਲਾਖ ਦੇ ਬਣਦੇ ਸਨ। ਫਿਰ ਪਲਾਸਟਿਕ ਦੇ। ਇਨ੍ਹਾਂ ਦੇ ਵਿਕਾਸ, ਸਪੀਡ, ਗੀਤਾਂ ਦੀ ਗਿਣਤੀ ਅਤੇ ਇੰਟਰਨੈੱਟ ਤੱਕ ਦੇ ਪੜਾਵਾਂ ਬਾਰੇ ਲਿਖਿਆ ਹੈ। ਪੁਰਾਣੇ ਦੁਰਲੱਭ ਰਿਕਾਰਡਾਂ ਦੀ ਭਾਲ਼ ਵਿੱਚ ਅਸ਼ੋਕ ਨੇ ‘ਦਰ-ਦਰ ਠੋਕਰਾਂ ਵੀ ਖਾਧੀਆਂ ਪੈਸਾ ਵੀ ਖਰਚ ਕੀਤਾ ਤੇ ਸਮਾਂ ਵੀ’। ਤਵਿਆਂ ਅਤੇ ਕੈਸਿਟਾਂ ਉਪਰ ਗੀਤਕਾਰਾਂ ਦੇ ਨਾਮ ਅਲੋਪ ਹੋਣ ਨੂੰ ਇਉਂ ਕਹਿੰਦਾ ਹੈ, ‘ਸੁਪਨਾ ਹੋ ਗਿਆ ਯਾਰਾ ਖੂਹ ਦੇ ਚੱਕ ਵਾਂਗੂੰ’।

ਵਿਚਾਰ ਅਧੀਨ ਉਸ ਦੀਆਂ ਦੋਵੇਂ ਪੁਸਤਕਾਂ ਵਿੱਚਹਰੇਕ ਗੀਤਕਾਰ ਲਈ ਇੱਕ ਵੱਖਰਾ ਚੈਪਟਰ ਹੈ ਅਤੇ ਚੈਪਟਰ ਦਾ ਸਿਰਲੇਖ ਗੀਤਕਾਰ ਦੇ ਨਾਮ ਸਮੇਤ ਉਸ ਦੇ ਕਿਸੇ ਗੀਤ ਦੀ ਕਿਸੇ ਸਤਰ ਨਾਲ਼ ਸ਼ਿੰਗਾਰਿਆ ਹੈ। ਉਸ ਗੀਤਕਾਰ ਦੇ ਰਿਕਾਰਡ ਲੱਭਣ ਲਈ ਕੀਤੀ ਖੇਚਲ਼ ਅਤੇ ਪਿਛੋਕੜ ਦਾ ਦਿਲਚਸਪ ਬਿਉਰਾ ਦਿੱਤਾ ਹੈ। ਭਾਵੇਂ ਸਾਰੇ ਚੈਪਟਰ ਗੀਤਕਾਰਾਂ ਦੇ ਤੇ ਉਨ੍ਹਾਂ ਦੇ ਰਿਕਾਰਡਾਂ ਬਾਰੇ ਹੀ ਹਨ ਪਰ ਵਿਲੱਖਣਤਾ ਇਹ ਕਿ ਹਰੇਕ ਚੈਪਟਰ ਵੱਖਰੇ ਅੰਦਾਜ਼ ਅਤੇ ਲਹਿਜੇ ਨਾਲ਼ ਸ਼ੁਰੂ ਹੁੰਦਾ ਹੈ। ਰਿਕਾਰਡ ਮਿਲਣ ਦਾ ਸੋਮਾ, ਸਥਾਨ ਅਤੇ ਹੋਰ ਸੰਬੰਧਤ ਜਾਣਕਾਰੀ ਸਚਿਆਰੀ ਮੁਟਿਆਰ ਦੇ ਫੁਲਕਾਰੀ ਕੱਢਣ ਵਾਂਗ ਚੱਜ ਨਾਲ਼ ਗੁੰਦ ਕੇ ਸਮੇਟੀ ਗਈ ਹੈ। ਹਰੇਕ ਗੀਤ ਦੀਆਂ ਕੁੱਝ ਸਤਰਾਂ ਜਾਂ ਪੂਰੇ ਗੀਤ ਨੂੰ ਸ਼ਾਮਲ ਕਰ ਲਿਆ ਹੈ। ਬਾਕਾਇਦਾ ਰਿਕਾਰਡ ਦਾ ਨੰਬਰ, ਕੰਪਨੀ, ਗੀਤਕਾਰ, ਗਾਇੱਕ, ਸੰਗੀਤਕਾਰ ਅਤੇ ਫਿਲਮ ਤੱਕ ਦਾ ਨਾਮ ਵੀ ਤਫ਼ਸੀਲ ਦਾ ਹਿੱਸਾ ਹੈ। ਗੀਤਕਾਰ ਗਿਆਨ ਚੰਦ ਧਵਨ ਦੀ ਧੀ ਨੇ ਜਦੋਂ ਉਸ ਦੀਆਂ ਹੱਥ-ਲਿਖਤਾਂ ਨੂੰ ਸਿਉਂਕ ਲੱਗਣ ਕਾਰਨ ਕੂੜੇ ਵਿੱਚ ਸੁੱਟਣ ਦੀ ਗੱਲ ਦੱਸੀ ਤਾਂ ਅਸ਼ੋਕ ਦੀ ਪ੍ਰਤੀਕਿਰਿਆ ਕੰਨ ਖੋਲ੍ਹਣ ਵਾਲ਼ੀ ਸੀ - ‘ਅਸਲ ’ਚ ਸਿਉਂਕ ਕਾਗਜ਼ਾਂ ਨੂੰ ਨਹੀਂ, ਪੰਜਾਬੀ ਜ਼ੁਬਾਨ ਦੇ ਵਾਰਸਾਂ ਨੂੰ ਲੱਗ ਚੁੱਕੀ ਹੈ’। ਗੀਤਕਾਰ ਦੇ ਜੀਵਨ ਬਾਰੇ, ਕੰਮ-ਧੰਦੇ ਬਾਰੇ, ਸੁਭਾਅ ਬਾਰੇ, ਗੀਤਕਾਰੀ ਦੀ ਕਲਾ ਬਾਰੇ ਅਤੇ ਗੀਤਕਾਰ ਬਾਰੇ ਪਏ ਭੁਲੇਖਿਆਂ ਬਾਰੇ ਬਣਦਾ ਵਿਸਥਾਰ ਦਿੱਤਾ ਗਿਆ ਹੈ। ਤਵਿਆਂ ਤੇ ਕੈਸਿਟਾਂ ਦਾ ਸਫਰ , ਇਨ੍ਹਾਂ ਦਾ ਗੁੰਮ ਹੋਣਾ, ਟੁੱਟਣਾ, ਗੀਤ ਦਾ ਕਿਸੇ ਹੋਰ ਰੂਪ ਵਿੱਚ ਰਿਕਾਰਡ ਹੋਣਾ, ਗੀਤਕਾਰ ਦਾ ਨਾਮ ਗੁੰਮ ਹੋ ਜਾਣਾ ਆਦਿ ਰਿਕਾਕਡਿੰਗ ਦਾ ਇਤਿਹਾਸ ਬਣ ਗਿਆ ਹੈ ਜੋ ਖੋਜ ਦੇ ਅਧਾਰ ’ਤੇ ਲਿਖ ਦਿੱਤਾ ਹੈ।

ਹਰਭਜਨ ਸਿੰਘ ਚਮਕ ਦੁਆਰਾ ਕੰਗਣਾਂ ਬਨਾਉਣ ਦੀ ਗੱਲ ਕਰਦਾ ਅਸ਼ੋਕ ਦੱਸ ਜਾਂਦਾ ਹੈ ਕਿ ਰਵੇ ਲੱਗੇ ਕੰਗਣ ਨੂੰ ‘ਰਵਿਆਂ ਵਾਲ਼ਾ ਕੰਗਣ’, ਅਤੇ ਛੋਟੇ-ਛੋਟੇ ਘੁੰਗਰੂਆਂ ਵਾਲ਼ੇ ਕੰਗਣ ਨੂੰ ‘ਛਣ-ਕੰਗਣਾਂ’ ਕਹਿੰਦੇ ਹਨ। ਚਾਨਣ ਗੋਬਿੰਦਪੁਰੀ ਦਾ ਚੈਪਟਰ ਸ਼ੁਰੂ ਕਰਦਿਆਂ ਗੀਤਾਂ ਦੀਆਂ ਕਿਸਮਾਂ ਜਿਵੇਂ ਗਾਣਾ, ਦੋ-ਗਾਣਾ, ਕਵਿਤਾ, ਨਜ਼ਮ, ਕਾਫ਼ੀ, ਕਵਾਲੀ, ਕਲੀ, ਗ਼ਜ਼ਲ ਸਮੇਤ ਕਿੱਸਾਕਾਰੀ ਵਿੱਚ ਛੰਦਾਂ ਦੇ ਨਾਮ ਜਿਵੇਂ ਕਬਿੱਤ, ਬੈਂਤ, ਕੋਰੜਾ, ਦਵੱਈਯਾ ਅਤੇ ਇਨ੍ਹਾਂ ਦੇ ਛੰਦ-ਵਿਧਾਨ ਜਾਂ ਸ਼ਿਲਪ-ਵਿਧਾਨ ਉਪਰ ਤਰਦੀ-ਤਰਦੀ ਨਜ਼ਰ ਮਾਰੀ ਹੈ। ਗ਼ਜ਼ਲ ਬਾਰੇ ਲਿਖਿਆ ਹੈ ਕਿ ‘ਉਸ ਨੂੰ ਚੁਸਤ ਲਿਬਾਸ ਹੀ ਫੱਬਦੇ ਹਨ, ਜਿਸ ਵਿੱਚੋਂ ਉਸ ਦੇ ਅੰਗ-ਅੰਗ ਦੀ ਖ਼ੂਬਸੂਰਤੀ ਤੇ ਸੁਡੌਲਤਾ ਦਾ ਭਰਪੂਰ ਪ੍ਰਗਟਾਵਾ ਹੋ ਸਕੇ’। ਲੇਖ ਦਾ ਅੰਤ ਕਰਨ ਲਈ ਨਵਾਂ ਅੰਦਾਜ਼ ਵੇਖੋ- ‘ਜ਼ਿੰਦਗੀ ਦੀਆਂ ਬਿਆਸੀ ਬਸੰਤਾਂ ਦੇਖ ਕੇ ਸਾਥੋਂ ਜੁਦਾ ਹੋ ਗਿਆ’। ਸੋਹਣ ਸਿੰਘ ਸੀਤਲ ਦਾ ਲੇਖ ਕੀਮਾ-ਮਲਕੀ ਦੇ ਗੀਤ ਨਾਲ਼ ਤਾਂ ਸ਼ੁਰੂ ਕਰਨਾ ਹੀ ਸੀ, ਨਾਲ਼ ਇਸ ਦੇ ਗਾਇੱਕ ਮੁਹੰਮਦ ਸਦੀਕ ਬਾਰੇ ਲਿਖਿਆ ਹੈ ਕਿ ਮਾਨਸਾ ਦੇ ਪਿੰਡ ਕੋਟਲ਼ੀ ਵਿਖੇ ਸਦੀਕ ਦੇ ਅਖਾੜੇ ਸਮੇਂ ਇੱਕ ਬਜ਼ੁਰਗ ਨੇ ਉਸ ਨੂੰ ਮਲਕੀ-ਕੀਮਾ ਸੁਨਾਉਣ ਲਈ ਕਿਹਾ ਪਰ ਸਦੀਕ ਨੂੰ ਇਸ ਦਾ ਇਲਮ ਨਹੀਂ ਸੀ। ਬਜ਼ੁਰਗ ਦੇ ਬੋਲ ਗੌਲਣਯੋਗ ਹਨ,‘ਫੇਰ ਤੂੰ ਗਮੰਤਰੀ ਕਾਹਦੈਂ’’। ਇੱਕ ਹੋਰ ਚੈਪਟਰ ਨੂੰ ਇਉਂ ਸ਼ੁਰੂ ਕੀਤਾ ਹੈ - ‘ਸ.ਫ਼ਰੀ ਚਰਨ ਸਿੰਘ ਦਾ ਤਖੱਲਸ ਹੈ, ਐਸਾ ਤਖੱਲਸ ਜਿਸ ਰਾਹੀਂ ਪੰਜਾਬ ਸਾਹ ਲੈਂਦਾ ਹੈ --- ਸਮੁੰਦਰ ਵਰਗਾ ਬੰਦਾ’। ਅਸ਼ੋਕ ਨੇ ਸ.ਫ਼ਰੀ ਦੇ ਲਿਖੇ ਤੇ ਸਰੂਪ ਸਿੰਘ ਸਰੂਪ ਦੇ ਗਾਏ ਪੁਰਾਣੇ ਧਾਰਮਿਕ ਗੀਤਾਂ ਦੀ ਇੱਕ ਕੈਸਿਟ ‘ਗੁਰੂ ਨਾਨਕ ਸਭ ਦਾ ਪਿਆਰਾ’ ਐਚ.ਐਮ.ਵੀ. ਤੋਂ ਰਿਲੀਜ਼ ਕਰਵਾਈ। ਸ.ਫ਼ਰੀ ਦੇ ਗੀਤਾਂ ਦੀ ਇੱਕ ਹੋਰ ਐਲਬਮ ਟੀ ਸੀਰੀਜ਼ ਤੋਂ ਰਿਲੀਜ਼ ਕਰਵਾਈ।

ਦੀਪਕ ਜੈਤੋਈ ਦਾ ਲੇਖ ਸ਼ੁਰੂ ਕਰਨ ਵੇਲ਼ੇ ਅੰਦਾਜ਼ ਵੇਖੋ-‘ਜੈਤੋ ਆਲ਼ੇ ਤਾਰੀ ਵਾਂਗੂ ਧਰਮਰਾਜ ਬਣਿਆ ਬੈਠੈਂ, ਤੋੜ ਲੈ ਡੱਕਾ ਕੰਮ ਦਾ’। ਇਸ ਲੇਖ ਨੂੰ ਪੜ੍ਹੇ ਬਿਨਾ ਕੌਣ ਦੱਸ ਸਕਦਾ ਹੈ ਕਿ ਦੀਪਕ ਜੈਤੋਈ ਦਾ ਨਾਂ ਗੁਰਚਰਨ ਸਿੰਘ ਸੀ।ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ - ਇਸ ਗੀਤ ਦੀ ਭੂਮਿਕਾ ਜਿਵੇਂ ਅਸ਼ੋਕ ਨੇ ਸਿਰਜੀ ਹੈ ਉਹ ਆਪਣੇ ਆਪ ਵਿੱਚ ਕਮਾਲ ਦੀ ਕਾਰੀਗਰੀ ਹੈ। ਲੋਕ ਗੀਤਾਂ ਦੀ ਪ੍ਰੀਭਾਸ਼ਾ ਇਉਂ ਦਿੱਤੀ ਹੈ - ਲੋਕ ਗੀਤ ਉਹ ਹੁੰਦਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਸਫਰ ਕਰਦਾ ਹੈ ਤੇ ਸਾਨੂੰ ਉਸ ਦੇ ਗੀਤਕਾਰ ਦਾ ਨਾਮ ਪਤਾ ਨਹੀਂ ਹੁੰਦਾ। ਸਤਿੰਦਰ ਸਰਤਾਜ ਦੀ ਪਹਿਲੀ ਐਲਬਮ ਵੀ ਅਸ਼ੋਕ ਨੇ ਰਿਕਾਰਡ ਕਰਵਾਈ ਸੀ।ਸਾਜਨ ਰਾਏਕੋਟੀ ਵਾਲ਼ੇ ਲੇਖ ਵਿੱਚ ਜਸਵੰਤ ਸਿੰਘ ਭੰਵਰੇ ਦੇ ਲੁਧਿਆਣੇ ਘੰਟਾ ਘਰ ਵਾਲ਼ੇ ਚੁਬਾਰੇ ਦਾ ਜ਼ਿਕਰ ਆਇਆ ਹੈ ਜੋ ਉਦੋਂ ਗੀਤਕਾਰਾਂ, ਗਾਇਕਾਂ, ਸਾਜ਼ਿੰਦਿਆਂ, ਕਲਾਕਾਰਾਂ ਅਤੇ ਅਦਬੀ ਲੋਕਾਂ ਦਾ ਮੱਕਾ ਹੁੰਦਾ ਸੀ। ਹੰਸ ਰਾਜ ਤੋਂ ਬਣੇ ਸਾਜਨ ਰਾਏਕੋਟੀ ਦਾ ਇਹ ਗੀਤ ਅਜੇ ਵੀ ਬਹਿ ਜਾ ਬਹਿ ਜਾ ਕਰਵਾ ਦਿੰਦਾ ਹੈ - ਨੈਣ ਪ੍ਰੀਤੋ ਦੇ ਬਹਿ ਜਾ ਬਹਿ ਜਾ ਕਰਦੇ। ਕਰਨੈਲ ਸਿੰਘ ਪਾਰਸ ਰਾਮੂੰਵਾਲ਼ੀਆ ਬਾਰੇ ਲੇਖ ਵਿੱਚ ਕਵੀਸ਼ਰੀ ਦੀ ਪ੍ਰੀਭਾਸ਼ਾ ਦਿੱਤੀ ਹੈ। ‘ਮੇਰਾ ਜਨਮ ਮਾਲਵੇ ਦੀ ਧੁੰਨੀ ’ਚ ਵਸੇ ਕਸਬੇ ਮਾਨਸਾ ਵਿੱਚ ਹੋਇਆ। ਕਵੀਸ਼ਰੀ ਇਸੇ ਮਾਲਵੇ ਦੀ ਉਪਜ ਹੈ। ਕਵੀਸ਼ਰੀ ਈਸ਼ਵਰ ਦੀ ਇੱਛਾ ਨਾਲ਼ ਉਪਜਿਆ ਤੇ ਗਾਇਆ ਜਾਣ ਵਾਲ਼ਾ ਕਾਵਿ ਹੈ।‘ਅਸ਼ੋਕ ਪਾਰਸ ਨੂੰ ਮਹਾਂਵਿਦਿਆਲੇ ਵਰਗਾ ਕਹਿੰਦਾ ਹੈ । ਗੁਰਦੇਵ ਸਿੰਘ ਮਾਨ ਦਾ ਜਨਮ ਝਨਾਂਅ ਦੇ ਕੰਢੇ ਝੰਗ ਬਰਾਂਚ ਦੇ ਚੱਕ ਨੰਬਰ 286ਵਿੱਚ ਹੋਇਆ, ਅਸ਼ੋਕ ਝਨਾਂਅ ਤੇ ਝੰਗ ਨੂੰ ਜੁੜਵੇਂ ਭੈਣ-ਭਰਾ ਕਹਿੰਦਾ ਹੈ। ਗੁਰਦੇਵ ਸਿੰਘ ਮਾਨ ਦਾ ਮੰਗਣਾ ਤੀਜੀ ਜਮਾਤ ‘ਚ ਪੜ੍ਹਦਿਆਂ ਹੋਇਆ ਸੀ। ਲੱਕੜ ਦੀ ਚੌਂਕੀ ’ਤੇ ਬਿਠਾ ਕੇ ਗਲ਼ ’ਚ ਦੁਪੱਟਾ ਪਾਉਂਦਿਆਂ ਸ਼ੱਕਰ, ਪਤਾਸੇ, ਮਖਾਣੇ, ਛੁਆਰੇ ਪਾ ਕੇ --- ।

ਇੰਦਰਜੀਤ ਹਸਨਪੁਰੀ ਦੀ ਲੋਕ-ਪ੍ਰੀਯਤਾ ਬਾਰੇ ਲਿਖਦਿਆਂ ਅਸ਼ੋਕ ਪਿੰਡ ਦੀ ਸੱਥ ਵਿੱਚ ਧੂੰਈਂ ’ਤੇ ਬੈਠੇ ਬਾਬਿਆਂ ਤੋਂ ਪੁੱਛ ਬੈਠਾ। ਜਵਾਬ ਸੁਣ ਕੇ ਹੈਰਾਨ ਹੋਇਆ ਕਿ “ਆਹ ਬਾਬਾ ਤਾਂ ਯੂਨੀਵਰਸਿਟੀ ਐ ਪੂਰੀ’’। ਹਸਨਪੁਰੀ ਦੇ ਲਿਖੇ, ਜਸਵੰਤ ਭੰਵਰਾ ਦੀਆਂ ਤਰਜ਼ਾਂ ’ਤੇ ਹਰਚਰਨ ਗਰੇਵਾਲ਼ ਅਤੇ ਸੁਰਿੰਦਰ ਕੌਰ ਦਾ ਗਾਇਆ ਇਹ ’ਪੰਜਾਬੀ ਦੋ-ਗਾਣਾ ਗੀਤਕਾਰੀ ਤੇ ਗਾਇਕੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਗੀਤ ਬਣ ਗਿਆ - ਲੱਕ ਹਿੱਲੇ ਮਜਾਜਣ ਜਾਂਦੀ ਦਾ’। ਯਮਲਾ ਜੱਟ ਦੇ ਗੀਤ ‘ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ ਟੱਲੀਆਂ’ ਦਾ ਜਿਸ ਬਾਰੀਕੀ ਨਾਲ਼ ਵਿਸ਼ਲੇਸ਼ਣ ਕੀਤਾ ਹੈ ਉਹ ਅਸ਼ੋਕ ਹੀ ਕਰ ਸਕਦਾ ਹੈ। ਪੂਰੇ ਪੰਜ ਸਫ਼ੇ। ਵਾਹ। ਸੰਤ ਰਾਮ ਉਦਾਸੀ ਨੂੰ ਪੁਸਤਕ ਵਿੱਚ ਸ਼ਾਮਲ ਕਰ ਕੇ ਅਸ਼ੋਕ ਬਾਂਸਲ ਨੇ ਪੰਜਾਬ ਦੀ ਇਨਕਲਾਬੀ ਲਹਿਰ ਪ੍ਰਤੀ ਆਪਣਾ ਪਵਿੱਤਰ ਫ਼ਰਜ਼ ਅਦਾ ਕੀਤਾ ਹੈ। ਅਸ਼ੋਕ ਦੇ ਇਹ ਬੋਲ ਉਸ ਦੀ ਕ੍ਰਾਂਤੀਕਾਰੀ ਸੋਚ ਦੇ ਪ੍ਰਤੀਕ ਹਨ , “ਇਸ ਰਿਕਾਰਡ ਦੇ ਗੀਤ ਪੰਜਾਬ ਦੀਆਂ ਫ਼ਿਜ਼ਾਵਾਂ ’ਚ ਤੂਤੜੇ ਦੀ ਧੂਣੀ ਵਾਂਗੂੰ ਧੁੱਖਦੇ ਰਹੇ ਤੇ ਅੱਜ ਤੱਕ ਧੁਖ ਰਹੇ ਹਨ। ਅਜੇ ਤੱਕ ਭਾਂਬੜ ਨਹੀਂ ਬਣੇ। --- ਸੂਦ ਖੋਰੇ ਸਮਾਜ ਵਿੱਚ ਮਿਹਨਤਕਸ਼ ਤੇ ਮਜ਼ਦੂਰ ਦੀ ਆਵਾਜ਼ ਤੂਤੜੇ ਦੀ ਧੂਣੀ ਵਾਂਗ ਹੀ ਧੁੱਖਦੀ ਰਹਿੰਦੀ ਹੈ। ਜਦੋਂ ਇਹ ਆਵਾਜ਼ ਭਾਂਬੜ ਬਣ ਜਾਂਦੀ ਹੈ ਤਾਂ ਫੇਰ ਯੁੱਗ ਪਲਟ ਜਾਂਦੇ ਹਨ।

“ ਉਦਾਸੀ ਬਾਰੇ ਲਿਖਿਆ ਇਹ ਲੇਖ ਪੁਸਤਕ ਵਿੱਚਲੇ ਬਾਕੀ ਸਾਰੇ ਲੇਖਾਂ ਨਾਲ਼ੋਂ ਇਸ ਗੱਲੋਂ ਵਿਲੱਖਣ ਹੈ ਕਿ ਇਸ ਵਿੱਚ ਉਸ ਦੇ ਗੀਤਾਂ ਦੀ ਭਰਵੀਂ, ਬਹੁ-ਪੱਖੀ ਅਤੇ ਵਿਹਾਰਕ ਪੜਚੋਲ਼ ਕੀਤੀ ਗਈ ਹੈ ਜੋ ਉਦਾਸੀ ਨੂੰ ਇੱਕ ਕ੍ਰਾਂਤੀਕਾਰੀ ਗੀਤਕਾਰ ਵਜੋਂ ਵਿਸ਼ੇਸ਼ ਰੁਤਬਾ ਪ੍ਰਦਾਨ ਕਰਦੀ ਹੈ।

ਬਾਕੀ ਅਗਲੇ ਸਫ਼ੇ ’ਤੇ ਜਾਰੀ

# ਲੱਭ ਲਏ ਲਾਲ ਗੁਆਚੇ ਮਾਨਸਾ ਦੇ ਜੋਗੀ ਨੇ

ਸਫ਼ਾ 16 ਦੀ ਬਾਕੀ

ਚਲੋ ਹੁਣ ਦੂਜੀ ਪਟਾਰੀ ਖੋਲ੍ਹੀਏ। ਇਸ ਕਿਤਾਬ ਦਾ ਨਾਂ ਹੈ

**‘ਲੱਭ ਜਾਣਗੇ ਲਾਲ ਗੁਆਚੇ’/ਮਿੱਟੀ ਨੂੰ ਫਰੋਲ਼ ਜੋਗੀਆ (ਭਾਗ-2) / ਲਹਿੰਦੇ ਪੰਜਾਬ ਦੇ ਅਣਮੁੱਲੇ ਗੀਤਕਾਰ। ਛਾਪੀ ਹੈ ਗੁੱਡਵਿਲ ਪਬਲੀਕੇਸ਼ਨਜ਼ ਮਾਨਸਾ ਨੇ, ਕੁੱਲ 253 ਸਫਿਆਂ ਨੂੰ ਲਾਲ ਸਾਂਭਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਕੀਮਤ 600 ਰੁਪਏ ਪਰ ਹੈ ਬੇਸ਼ਕੀਮਤੀ।**


ਢੁੱਕਵਾਂ ਦਿਲਖਿੱਚਵਾਂ ਮੂਹਰਲਾ ਟਾਈਟਲ ਕਵਰ, ਜੋ ਅੰਦਰਲੀ ਤਸਵੀਰ ਰੂਪਮਾਨ ਕਰਦਾ ਹੈ। ਪਿਛਲੇ ਕਵਰ ’ਤੇ ਬਾਬਾ ਨਜ਼ਮੀ ਦੇ ਸ਼ਬਦ ਅਸ਼ੋਕ ਦੀ ਪ੍ਰਥਾਏ ਹਨ ਜਿੱਥੇ ਗੀਤਕਾਰੀ ਨੂੰ ਇਹ ਰੁਤਬਾ ਦਿੱਤਾ ਗਿਆ ਹੈ, “ਪੰਜਾਬੀ ਮਾਂ-ਬੋਲੀ ਨੂੰ ਸਭ ਤੋਂ ਵੱਡਾ ਮੋਢਾ ਪੰਜਾਬੀ ਗੀਤਕਾਰੀ ਨੇ ਲਾ ਰੱਖਿਆ ਏ।” ਆਦਿਕਾ ਵਿੱਚ ਅਸ਼ੋਕ ਬਾਂਸਲ ਨੇ ਜਿਵੇਂ ਤੇਰਾਂ ਅਗਸਤ, ਉੱਨੀ ਸੌ ਸੰਤਾਲ਼ੀ ਦੀ ਰਾਤ ਦੇ ਗਿਆਰਾਂ ਵਜੇ ਤੋਂ ਬਾਰਾਂ ਵਜੇ ਤੱਕ ‘ਆਲ ਇੰਡੀਆ ਲਾਹੌਰ’ ਨੂੰ ‘ਪਾਕਿਸਤਾਨ ਬ੍ਰਾਡਕਾਸਟਿੰਗ ਸਰਵਿਸਿਜ਼’ ਵਿੱਚ ਜਾਮਾ ਬਦਲਦਿਆਂ ਵਿਖਾਇਆ ਹੈ, ਇਸ ਤੋਂ ਉਸ ਦੇ ਸਦਕੇ ਜਾਣ ਨੂੰ ਜੀਅ ਕਰਦਾ ਹੈ। ਇਸ ਪਿਛੋਕੜ ਨੂੰ ਬਿਆਨਦਾ ਅਸ਼ੋਕ ਕਹਿੰਦਾ ਹੈ, “ਜ਼ੁਲਮ ਸਾਈਂ ਦਾ, ਇਹ ਐਲਾਨ ਵੀ ਅੱਧੀ ਰਾਤ ਨੂੰ ਪੰਜਾਬ ਦਾ ਦਿਲ ਕਹੇ ਜਾਂਦੇ ਸ਼ਹਿਰ ਲਾਹੌਰ ਤੋਂ ਕੀਤਾ ਗਿਆ।” ਉਹ ਅੱਗੇ ਜਾਣਕਾਰੀ ਦਿੰਦਾ ਹੈ ਕਿ ਪਾਕਿਸਤਾਨ ਵਿੱਚ ਉੱਨੀ ਸੌ ਸੰਤਾਲੀ ਤੋਂ ਲੈ ਕੇ ਉੱਨੀ ਸੌ ਸੱਤਰ ਤੱਕ ਪੰਜਾਬੀ ਦੀਆਂ 223 ਫਿਲਮਾਂ ਬਣੀਆਂ ਜਦੋਂ ਕਿ ਇਸੇ ਅਰਸੇ ਦੌਰਾਨ ਭਾਰਤ ਵਿੱਚ ਪੰਜਾਬੀ ਦੀਆਂ ਸਿਰਫ਼ 68 ਫ਼ਿਲਮਾਂ ਹੀ ਬਣੀਆਂ। ਗੀਤ ਦੀ ਹੋਣੀ ਬਾਰੇ ਲਿਖਿਆ ਹੈ ਕਿ ਗੀਤਕਾਰ ਦਾ ਲਿਖਿਆ ਗੀਤ ਤਰਜ਼ ਬਨਾਉਣ ਵਾਲ਼ੇ ਸੰਗੀਤਕਾਰ ਰਾਹੀਂ ਅੰਤ ਗਾਇੱਕ ਦੀ ਆਵਾਜ਼ ਦੇ ਮੋਢੇ ਚੜ੍ਹ ਕੇ ਦੇਸ਼-ਦੇਸ਼ਾਂਤਰਾਂ ਤੱਕ ਪੁੱਜਦਾ ਅਤੇ ਅਮਰ ਹੋ ਜਾਂਦਾ ਹੈ।

ਇਨ੍ਹਾਂ ਦਸ ਗੀਤਕਾਰਾਂ ਦੇ ਗੀਤਾਂ ਦੇ ਨਾਲ਼ ਵੀ ਰਿਕਾਰਡ ਦਾ ਲੜੀ ਨੰਬਰ, ਕੰਪਨੀ, ਫਿਲਮ, ਗਾਇੱਕ ਅਤੇ ਸੰਗੀਤਕਾਰਾਂ ਦੇ ਨਾਮ ਬਾਕਾਇਦਾ ਖੋਜ ਕਰ ਕੇ ਦਰਜ ਕੀਤੇ ਹਨ। ਇੱਥੋਂ ਤੱਕ ਕਿ ਉਸ ਗੀਤ ਵਾਲ਼ੀ ਫਿਲਮ ਕਿੰਨੀ ਮਕਬੂਲ ਹੋਈ। ਪਹਿਲੇ ਲੇਖ ਵਿੱਚ ਵੰਝਲ਼ੀ ਵਾਲੜਿਆ ਦੇ ਸਿਰਲੇਖ ਹੇਠ ਅਹਿਮਦ ਰਾਹੀ ਦੇ ਗੀਤਾਂ ਦੀ ਤਫ਼ਸੀਲ ਹੈ। ਇਸ ਵਿੱਚ ਲਾਹੌਰ ਦੇ ‘ਇੰਡੀਆ ਟੀ ਹਾਊਸ’ ਤੋਂ ਬਣੇ ‘ਪਾਕਿ ਟੀ ਹਾਊਸ’ ਦਾ ਵੀ ਜ਼ਿਕਰ ਹੈ ਜੋ ਲੁਧਿਆਣੇ ਘੰਟਾ ਘਰ ਕੋਲ਼ ਅਸ਼ੋਕ ਭੰਵਰਾ ਦੇ ਚੁਬਾਰੇ ਵਾਂਗ ਅਦੀਬਾਂ, ਕਲਾਕਾਰਾਂ ਅਤੇ ਖਾਸ ਕਰ ਕੇ ਖੱਬੇ ਪੱਖੀ ਚਿੰਤਕਾਂ ਦਾ ਮਿਲਣ-ਬਿੰਦੂ ਸੀ। ਰਾਹੀ ਦੇ ਤਕਰੀਬਨ ਸਾਰੇ ਮਕਬੂਲ ਗੀਤਾਂ ਦੇ ਮੁਕੰਮਲ ਵੇਰਵੇ ਦਿੱਤੇ ਹਨ। ਉਦਾਹਰਣ ਵਜੋਂ - ਸੁਣ ਵੰਝਲ਼ੀ ਦੀ ਮਿੱਠੜੀ ਤਾਨ ਵੇ, ਤੈਨੂੰ ਭੁੱਲ ਗਈਆਂ ਸਾਡੀਆਂ ਚਾਹਵਾਂ, ਰੁੱਖ ਡੋਲਦੇ ਤੇ ਅੱਖ ਨਹੀਉਂ ਲੱਗਦੀ, ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ, ਵੰਝਲੀ ਵਾਲੜਿਆ ਤੇ ਅਨੇਕਾਂ ਹੋਰ ਗੀਤ।

ਚੰਬੇ ਦੀਏ ਬੰਦ ਕਲੀਏ ਸਿਰਲੇਖ ਹੇਠ ਵਾਰਿਸ ਲੁਧਿਆਣਵੀ ਦਾ ਵਹੀ-ਖਾਤਾ ਖੋਲ੍ਹਿਆ ਹੈ। ਵਾਰਿਸ ਦੇ ਤਿੰਨ ਸ਼ੌਕ ਦੱਸੇ ਹਨ - ਵਧੀਆ ਗੀਤ ਲਿਖਣੇ, ਦਿਨੇ ਰੱਜ ਕੇ ਦੁੱਧ ਪੀਣਾ ਤੇ ਆਥਣੇ ਕੌੜਾ ਪਾਣੀ। ਉਹ ਉਸਤਾਦ ਦਾਮਨ ਦਾ ਸ਼ਾਗਿਰਦ ਸੀ।ਸ਼ੇਖ਼ ਮੁਹੰਮਦ ਸਘੀਰ ਤੋਂ ਬਰੀ ਨਿਜ਼ਾਮੀ ਬਣੇ ਗੀਤਕਾਰ ਨੇ ਰਾਜਨੀਤੀ ਵਿੱਚ ਹਿੱਸਾ ਲਿਆ ਸੀ। ਉਸ ਵੇਲ਼ੇ ਸ਼ਾਇਰ ਬਰੀ

ਨਿਜ਼ਾਮੀ, ਗਾਇੱਕ ਫ਼ਤਿਹ ਅਲੀ ਖ਼ਾਨ ਅਤੇ ਫਿਲਮ ਨਿਰਮਾਤਾ ਰਹਿਮਤ ਅਲੀ ਦੀ ਤਿੱਕੜੀ ਮਸ਼ਹੂਰ ਸੀ। ਉਸ ਦੇ ਮਕਬੂਲ ਗੀਤਾਂ ਵਿੱਚ ਵਗਦੀ ਏ ਰਾਵੀ, ਹੋ ਜਾਵੇ ਜੇ ਪਿਆਰ ਤਾਂ ਸੌਣਾ ਭੁੱਲ ਜਾਂਦਾ, ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ ਵਰਗੇ ਕਈ ਗੀਤ ਗਿਣੇ ਜਾ ਸਕਦੇ ਹਨ।

ਸ਼ੇਖ਼ ਮੁਹੰਮਦ ਸਘੀਰ ਤੋਂ ਬਰੀ ਨਿਜ਼ਾਮੀ ਬਣੇ ਗੀਤਕਾਰ ਨੇ ਰਾਜਨੀਤੀ ਵਿੱਚ ਹਿੱਸਾ ਲਿਆ ਸੀ। ਉਸ ਵੇਲ਼ੇ ਸ਼ਾਇਰ ਬਰੀ ਨਿਜ਼ਾਮੀ, ਗਾਇੱਕ ਫ਼ਤਿਹ ਅਲੀ ਖ਼ਾਨ ਅਤੇ ਫਿਲਮ ਨਿਰਮਾਤਾ ਰਹਿਮਤ ਅਲੀ ਦੀ ਤਿੱਕੜੀ ਮਸ਼ਹੂਰ ਸੀ। ਉਸ ਦੇ ਮਕਬੂਲ ਗੀਤਾਂ ਵਿੱਚ ਵਗਦੀ ਏ ਰਾਵੀ, ਹੋ ਜਾਵੇ ਜੇ ਪਿਆਰ ਤਾਂ ਸੌਣਾ ਭੁੱਲ ਜਾਂਦਾ, ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ ਵਰਗੇ ਕਈ ਗੀਤ ਗਿਣੇ ਜਾ ਸਕਦੇ ਹਨ। ਬਰੀ ਨਿਜ਼ਾਮੀ ਆਖਰੀ ਦਿਨਾਂ ਵਿੱਚ ਅੱਤ ਦੀ ਗ਼ੁਰਬਤ ਅਤੇ ਬੀਮਾਰੀ ਦਾ ਸ਼ਿਕਾਰ ਰਹਿਣ ਮਗਰੋਂ 14 ਮਈ, 1998 ਨੂੰ ਇਲਾਜ ਖੁਣੋਂ ਮਾਰ ਖਾ ਗਿਆ।ਸ਼ਿਵ ਕੁਮਾਰ ਬਟਾਲਵੀ ਦਾ ਗਰਾਈਂ ਬਟਾਲੇ ਦਾ ਜੰਮਪਲ ਮੁਹੰਮਦ ਹੁਸੈਨ ਕਿਸੇ ਕੁੜੀ ਦੇ ਇਸ਼ਕ ਵਿੱਚ ਬਿਰਹਾ ਦਾ ਸ਼ਿਕਾਰ ਹੋ ਕੇ ਕਾਲ਼ੀ ਪੋਸ਼ਾਕ ਪਾ ਕੇ ਬਾਬਾ ਆਲਮ ਸਿਆਹਪੋਸ਼ ਬਣ ਬੈਠਾ। ਬਾਬੇ ਦੀ ਸ਼ਾਇਰੀ ਵਿੱਚ ਇਸ਼ਕ ਮਿਜ਼ਾਜ਼ੀ ਤੇ ਇਸ਼ਕ ਹਕੀਕੀ ਦਾ ਸੁਮੇਲ ਸਿਰ ਚੜ੍ਹ ਬੋਲਣ ਲੱਗ ਪਿਆ। ਉਸ ਨੇ ਨਾਬਰੀ ਵਾਲ਼ੇ ਲੋਕ-ਪੱਖੀ ਗੀਤ ਵੀ ਲਿਖੇ। ਉਸ ਦੇ ਕੁੱਝ ਗੀਤਾਂ ਦੇ ਮੁਖੜੇ ਮਿਸਾਲ ਵਜੋਂ ਲੈਂਦੇ ਹਾਂ - ਆਟਾ ਨਹੀਂ ਮਿਲਦਾ ਸਰਕਾਰ, ਮੇਰੇ ਸੱਜਰੇ ਫੁੱਲਾਂ ਦੇ ਗਜਰੇ, ਰਾਹੇ ਰਾਹੇ ਜਾਂਦਿਆ ਰਾਹੀਆ ਆਦਿ।ਦਿਲ ਵਾਲਾ ਦੁੱਖੜਾ ਦਾ ਗੀਤਕਾਰ ਮਨਜ਼ੂਰ ਹੁਸੈਨ ਝੱਲਾ ਗਾਇੱਕ ਵੀ ਸੀ । ਉਸ ਦੇ ਅਨੇਕਾਂ ਗੀਤ ਮਸ਼ਹੂਰ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਕੇ ਲੋਕਾਂ ਦੇ ਦਿਲਾਂ ਵਿੱਚ ਵਸ ਗਏ। ਝੱਲੇ ਨੇ ਝੁੱਗੀਆਂ ਵਿੱਚ ਰਹਿਣ ਵਾਲ਼ੀ ਕੁੜੀ ਤੋਂ ਆਪਣੇ ਗੀਤ ਕੀ ਗਵਾਏ ਉਹ ਕੁੜੀ ਪਾਕਿਸਤਾਨ ਦੀ ਬਹੁਤ ਵੱਡੀ ਕਲਾਕਾਰ ਬਣੀ ਜਿਸ ਦਾ ਨਾਂ ਹੈ ਰੇਸ਼ਮਾ। ਇਸ ਲੇਖ ਦੀ ਆਖਰੀ ਸਤਰ ਧਿਆਨ ਮੰਗਦੀ ਹੈ - ਗੀਤਕਾਰ ਹਮੇਸ਼ਾ ਮਹਿਲਾਂ ਦੀਆਂ ਦੀਵਾਰਾਂ ਹੇਠਲੀ ਨੀਂਹ ਦੀ ਪਹਿਲੀ ਇੱਟ ਬਣ ਕੇ ਹੀ ਲੁਕੇ ਰਹੇ।




‘ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ’ ਦੇ ਅਨੁਵਾਦਕ ਗੀਤਕਾਰ ਸੂਫ਼ੀ ਤਬੱਸੁਮ ਵਾਲ਼ੇ ਲੇਖ ਦੇ ਸ਼ੁਰੂ ਵਿੱਚਇੱਕ ਕਾਲਜ ਦੇ ਡਿਗਰੀ-ਵੰਡ ਸਮਾਰੋਹ ਦਾ ਜ਼ਿਕਰ ਹੈ ਜਿਸ ਦੌਰਾਨ ਸਟੇਜ ਸਕੱਤਰ ਅਸ਼ੋਕ ਬਾਂਸਲ ਨੂੰ ‘ਨਾ ਗਾਇੱਕ, ਨਾ ਗੀਤਕਾਰ, ਬੱਸ ਪੰਜਾਬੀ ਗੀਤਾਂ ਦਾ ਸ਼ੁਦਾਈ ਇਨਸਾਈਕਲੋਪੀਡੀਆ’ ਕਹਿ ਕੇ ਸੰਬੋਧਿਤ ਹੁੰਦਾ ਹੈ। ਸੱਚਮੁੱਚ ਅਸ਼ੋਕ ਦੀ ਇਹ ਸਹੀ ਪਹਿਚਾਣ ਹੈ। ਇਸ ਲੇਖ ਵਿੱਚ ਸੂਫ਼ੀ ਗ਼ੁਲਾਮ ਮੁਸਤਫ਼ਾ ਤਬੱਸੁਮ ਦੇ ਜੀਵਨ ’ਤੇ ਪੰਛੀ ਝਾਤ ਮਾਰੀ ਹੈ। ਤਬੱਸੁਮ ਨੇ ਮਿਰਜ਼ਾ ਗ਼ਾਲਿਬ ਅਤੇ ਅਮੀਰ ਖੁਸਰੋ ਦੀਆਂ ਗ਼ਜ਼ਲਾਂ ਦਾ ਉਰਦੂ ਤੇ ਪੰਜਾਬੀ ਵਿੱਚ ਅਨੁਵਾਦ ਕੀਤਾ। ਤਕਰੀਬਨ ਇਕੱਤੀ ਕਿਤਾਬਾਂ ਛਾਪੀਆਂ। ਉਸ ਨੂੰ ਪਾਕਿਸਤਾਨ ਦੇ ਵੱਕਾਰੀ ਐਵਾਰਡ ਪ੍ਰਾਈਡ ਆਫ ਪ੍ਰਫਾਰਮੈਂਸ, ਸਿਤਾਰੇ-ਏ-ਇਮਤਿਆਜ਼ ਅਤੇ ਈਰਾਨ ਸਰਕਾਰ ਦੁਆਰਾ ‘ਤਮਗਾ-ਏ-ਨਿਸ਼ਾਨ-ਏ-ਸਿਪਾਸ’ ਨਾਲ਼ ਨਿਵਾਜਿਆ ਗਿਆ। ਮਰਨ ਉਪ੍ਰੰਤ 2023 ਵਿੱਚ ‘ਨਿਸ਼ਾਨ-ਏ-ਇਮਤਿਆਜ਼’ ਦਾ ਐਵਾਰਡ ਵੀ ਪਾਕਿਸਤਾਨ ਸਰਕਾਰ ਨੇ ਦਿੱਤਾ। ਅਗਲਾ ਗੀਤਕਾਰ ਖ਼ਵਾਜਾ ਗ਼ੁਲਾਮ ਮੁਹਾਉਦੀਨ ਹੈ ਜੋ ਬਤੌਰ ਗੀਤਕਾਰ ਖ਼ਵਾਜਾ ਪ੍ਰਵੇਜ਼ ਦੇ ਨਾਂ ਨਾਲ਼ ਪ੍ਰਸਿੱਧ ਹੋਇਆ । ਉਸ ਦੇ ਅਨੇਕਾਂ ਗੀਤ ਫਿਲਮਾਂ ਦਾ ਸ਼ਿੰਗਾਰ ਬਣੇ ਅਤੇ ਅਨੇਕਾਂ ਹੋਰ ਕੈਸਿਟਾਂ ਤੇ ਰਿਕਾਰਡਾਂ ਰਾਹੀਂ ਸਾਹਮਣੇ ਆਏ। ਉਸ ਦੇ ਗੀਤਾਂ ਨੂੰ ਸਾਰੇ ਵੱਡੇ ਗਾਇਕਾਂ ਨੇ ਆਵਾਜ਼ ਦਿੱਤੀ। ਉਸ ਨੂੰ ਪੰਜ ਵਾਰੀ ਪਾਕਿਸਤਾਨ ਦਾ ਨਿਗਾਰ ਐਵਾਰਡ ਨਸੀਬ ਹੋਇਆ। ਮੁਹੰਮਦ ਤੁਫ਼ੈਲ ਹੁਸ਼ਿਆਰਪੁਰੀ ਦਾ ਅਸਲੀ ਅਦਬੀ ਪੜਾਅ ਰੇਡੀਓ ਲਾਹੌਰ ਦੀ ਨੌਕਰੀ ਸਮੇਂ ਸ਼ੁਰੂ ਹੋਇਆ। ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ, ਜਾਂਦਾ ਹੋਇਆ ਦੱਸ ਨਾ ਗਿਆ, ਲਿਖ ਚਿੱਠੀਆਂ ਕਿਧਰ ਨੂੰ ਪਾਵਾਂ, ਵਾਸਤਾ ਈ ਰੱਬ ਦਾ ਤੂੰ ਜਾਵੀਂ ਵੇ ਕਬੂਤਰਾ, ਜਿਹੇ ਤੁਫ਼ੈਲ ਦੇ ਕਿੰਨੇ ਹੀ ਗੀਤ ਲੋਕ ਮਨਾਂ ਵਿੱਚ ਵਸੇ ਹੋਏ ਹਨ। ਉਹ ਫਿਲਮੀ ਗੀਤਕਾਰ ਤੋਂ ਇਲਾਵਾ ਇੱਕ ਲੇਖਕ, ਪੱਤਰਕਾਰ ਅਤੇ ਸੰਪਾਦਕ ਵੀ ਸੀ। ਗੀਤਕਾਰ ਹਜੀਂ ਕਾਦਰੀ ਦਾ ਅਸਲੀ ਨਾਮ ਬਸ਼ੀਰ ਅਹਿਮਦ ਸੀ। ਟਾਂਗਾ ਲਾਹੌਰ ਦਾ ਹੋਵੇ ਤੇ ਭਾਵੇਂ ਝੰਗ ਦਾ, ਚੰਨ ਮੇਰੇ ਮੱਖਣਾਂ, ਕਹਿੰਦੇ ਨੇ ਨੈਣਾਂ, ਸਈਓ ਨੀਂ ਮੇਰਾ ਮਾਹੀ, ਵਰਗੇ ਬਹੁਤ ਸਾਰੇ ਫਿਲਮੀ ਗੀਤਾਂ ਦੇ ਰਚੇਤਾ ਕਾਦਰੀ ਨੇ ਵੇ ਸੋਨੇ ਦਿਆ ਕੰਗਣਾਂ ਸੌਦਾ ਇੱਕੋ ਜਿਹਾ ਕਿਵੇਂ ਲਿਖਿਆ, ਇਸ ਦਾ ਬੜਾ ਦਿਲਚਸਪ ਵਾਕਿਆ ਬਿਆਨ ਕੀਤਾ ਹੈ। ਉਸ ਨੇ ਫਿਲਮਾਂ ਲਈ ਕਹਾਣੀਆਂ ਵੀ ਲਿਖੀਆਂ ਅਤੇ ਗੀਤ ਵੀ ਲਿਖੇ।

ਆਖ਼ਰੀ ਤੇ ਦਸਵਾਂ ਲੇਖ ਗੁਲਾਮ ਅਹਿਮਦ ਚਿਸ਼ਤੀ ਦੀ ਗੀਤਕਾਰੀ ਬਾਰੇ ਹੈ। ਚਿਸ਼ਤੀ ਗਾਣੇ ਦੀ ਧੁਨ ਤਿਆਰ ਕਰਨ ਮਗਰੋਂ ਗੀਤ ਲਿਖਦੇ ਸਨ, ਲੋਕ ਸਾਜ਼ਾਂ ਦੀ ਵਰਤੋਂ ਕਰਦੇ ਸਨ। ਉਨ੍ਹਾਂ ਨੇ ਨੌਂ ਸਾਲ ਦੀ ਨੂਰ ਜਹਾਂ, ਨਸੀਮ ਬੇਗਮ, ਮਾਲਾ, ਨਜ਼ੀਰ ਬੇਗਮ, ਸਲੀਮ ਰਜ਼ਾ, ਮਸੂਦ ਰਾਣਾ ਅਤੇ ਪਰਵੇਜ਼ ਮਹਿੰਦੀ ਨੂੰ ਗਾਇਕਾਂ ਵਜੋਂ ਲੋਕਾਂ ਦੇ ਸਾਹਮਣੇ ਲਿਆਂਦਾ। ਸਰਕਾਰ ਨੇ ਪ੍ਰਾਈਡ ਆਫ ਪ੍ਰਫਾਰਮੈਂਸ ਦੇ ਐਵਾਰਡ ਨਾਲ ਸਨਮਾਨਿਆ।

ਇਹ ਦੋਵੇਂ ਕਿਤਾਬਾਂ ਪੰਜਾਬੀ ਸਾਹਿਤ ਵਿੱਚ ਆਪਣਾ ਵੱਖਰਾ ਸਨਮਾਨਯੋਗ ਸਥਾਨ ਰੱਖਦੀਆਂ ਹਨ।ਇਨ੍ਹਾਂ ਲਿਖਤਾਂ ਨੂੰ ਵਾਰਤਕ ਦਾ ਵਧੀਆ ਨਮੂਨਾ ਵੀ ਮੰਨਿਆਂ ਜਾ ਸਕਦਾ ਹੈ। ਅਸ਼ੋਕ ਦੀ ਭਾਸ਼ਾ, ਸ਼ਬਦਾਵਲੀ, ਵਾਕ-ਬਣਤਰ, ਮਲਵਈ ਮੁਹਾਵਰਾ, ਗੱਲ ਕਹਿਣ ਦਾ ਅੰਦਾਜ਼ ਅਤੇ ਗੀਤਾਂ ਵਰਗੀ ਰਵਾਨਗੀ ਇਸ ਨੂੰ ਬਾਕੀ ਲੇਖਕਾਂ ਤੋਂ ਵੱਖਰਿਆਉਂਦੀ ਹੈ। ਇਸ ਖ਼ੂਬਸੂਰਤ ਇਬਾਰਤ ਦੀਆਂ ਚੰਦ ਵੰਨਗੀਆਂ ਦੇ ਦਰਸ਼ਨ ਕਰਨਯੋਗ ਹਨ - ਪੈਰ ’ਚ ਪਈ ਭੌਰੀ ਵਾਂਗ ਦਿੱਲੀ-ਦੱਖਣ ਘੁੰਮਦਾ ਰਿਹਾ / ਇਸ ਦੀ ਪੈੜ ਤਾਂ ਕੋਈ ਕਾਫ਼ਰ ਖੋਜੀ ਹੀ ਕੱਢੇਗਾ ਜਿਹੜਾ ਵਕਤ ’ਤੇ ਪਈਆਂ ਧੂੜਾਂ ਨੂੰ ਆਪਣੇ ਤੋਂ ਅਲਹਿਦਾ ਨਹੀਂ ਸਮਝੇਗਾ ਅਤੇ ਰੇਤਿਆਂ ਦੀ ਚਾਦਰ ਹੇਠ ਲੁਕੇ ਗੀਤਾਂ ਦਿਆਂ ਨੇਤਰਾਂ ਵਿੱਚ ਨਵੇਂ ਸਿਰੇ ਤੋਂ ਕੋਈ ਦਮਕਦੀ ਸੁਰਮ-ਸਿਲਾਈ ਪਾਵੇਗਾ (ਗਿਆਨ ਚੰਦ ਧਵਨ ਵਿੱਚੋਂ) / ਕਵੀਆਂ, ਸ਼ਾਇਰਾਂ, ਗੀਤਕਾਰਾਂ ਦੀ ਹੋਣੀ ਦੇ ਅਨੇਕਾਂ ਖ਼ੁਸ਼ਮਿਜ਼ਾਜ਼ ਤੇ ਗ਼ਮਗ਼ੀਨ ਪਲ ਇੱਕ-ਦੂਸਰੇ ਦੀਆਂ ਅਦਿੱਖ ਤੇ ਅੰਦਰੂਨੀ ਪਰਤਾਂ ਨਾਲ਼ ਖਹਿ-ਖਹਿ ਕੇ ਲੰਘਦੇ ਹਨ (ਪ੍ਰਕਾਸ਼ ਸਾਥੀ ਵਿੱਚੋਂ) / ਪਰ ਦਇਆ ਸਿੰਘ ਦਵਾਈਆਂ ਰਗੜਣ ਦੀ ਬਜਾਏ ਆਪਣੀ ਵਿਲੱਖਣ ਕਲਾ ਦੇ ਖਰਲ ਵਿੱਚ ਨਿੱਤ ਨਰੋਏ ਜ਼ਜ਼ਬਿਆਂ ਦੇ ਮੋਤੀ ਪੀਸ ਕੇ ਗੀਤਾਂ ਵਾਲ਼ੀ ਵੈਦਗੀ ਕਰਨ ਲੱਗਾ (ਦਇਆ ਸਿੰਘ ਦਿਲਬਰ ਵਿੱਚੋਂ) / ਉਸ ਨੂੰ ਚਾਨਣੀ ਰਾਤ ਨੇ ਅੱਗ ਲਾਈ (ਚਰਨ ਸਿੰਘ ਸਫ਼ਰੀ ਵਿੱਚੋਂ) / 23 ਜੁਲਾਈ, 2003 ਨੂੰ ਪੰਜਾਬੀ ਗੀਤਾਂ ਦਾ ਸ਼ਹਿਨਸ਼ਾਹ ‘ਸਾਜਨ ਰਾਏਕੋਟੀ’ ਇਸ ਜਹਾਨ ਤੋਂ ਰੁਖ਼ਸਤ ਹੋ ਕਿਸੇ ਅਣਦਿਸਦੀ ਦੁਨੀਆਂ ਦਾ ਸਾਜਨ ਹੋ ਨਿਬੜਿਆ (ਸਾਜਨ ਰਾਏਕੋਟੀ ਵਿੱਚੋਂ) / ਉਸ (ਨੰਦ ਲਾਲ ਨੂਰਪੁਰੀ) ਦੇ ਮਨ ਵਿੱਚ ਉੱਕਰੀ ਹੋਈ ਉਹ ਇਮਾਰਤ (ਖ਼ੁਸ਼ਹਾਲ ਭਾਰਤ ਦਾ ਸੁਪਨਾ) ਜਦ ਢਹਿਣੀ ਸ਼ੁਰੂ ਹੋ ਗਈ ਤਾਂ ਉਹ ਇਸ ਇਮਾਰਤ ਦਾ ਮਲਬਾ ਚੁੱਕਣ ਵੇਲ਼ੇ ਆਪਣਾ ਮਾਨਸਿਕ ਸੰਤੁਲਨ ਗੰਵਾ ਬੈਠਿਆ (ਨੰਦ ਲਾਲ ਨੂਰਪੁਰੀ ਵਿੱਚੋਂ) / 8 ਅਕਤੂਬਰ, 2008 ਨੂੰ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਇੰਦਰਜੀਤ ਹਸਨਪੁਰੀ ਆਪਣੀ ਦੇਹ ਦਾ ਓਹਲਾ ਕਰ ਗਿਆ, ਪਰ ਉਹਦੇ ਗੀਤਾਂ ਦੇ ਸੱਤਰੰਗੇ ਕਬੂਤਰ ਆਪਣੀ ਸਹਿਜ ਅਤੇ ਸਥਾਈ ਗੁਟਰ-ਗੂੰ, ਗੁਟਰ-ਗੂੰ ਨਾਲ਼ ਪੰਜਾਬੀਆਂ ਦਾ ਚਿੱਤ ਪਰਚਾਉਂਦੇ ਰਹਿਣਗੇ (ਇੰਦਰਜੀਤ ਹਸਨਪੁਰੀ ਵਿੱਚੋਂ) / ਔਲੀਏ ਦੀ ਮਜ਼ਾਰ ਤੋਂ ਲੈ ਕੇ ਪਿਸ਼ਾਵਰ ਤੱਕ ਦਰਿਆਈ ਪਾਣੀਆਂ ਨਾਲ਼ ਸਿੰਜੀ ਇਸ ਧਰਤੀ ਦੀ ਬੋਲੀ ਮਿੱਠੇ ਖੂਹ ਦੇ ਪਾਣੀ ਵਰਗੀ ਹੈ ---- ਪਰ ਦਰਿਆਵਾਂ ਦੇ ਵਹਿਣ ਕਦੇ ਮੋੜਿਆਂ ਨਹੀਂ ਮੁੜਦੇ --- ਤੂੰਬੀ ਸੱਤ ਸਮੁੰਦਰਾਂ ਦੇ ਮੋਤੀ ਹੰਗਾਲ਼ ਕੇ ਲੈ ਆਉਂਦੀ ਹੈ (ਲਾਲ ਚੰਦ ਯਮਲਾ ਜੱਟ ਵਿੱਚੋਂ)। ਅਸ਼ੋਕ ਦੀ ਇੱਕ ਹੋਰ ਕਬੂਲੀਅਤ -ਸਟੇਜ ਸਕੱਤਰ ਦੁਆਰਾ ਮੈਨੂੰ ਦਿੱਤੀ ਇਨਸਾਈਕਲੋਪੀਡੀਆ ਦੀ ਉਪਾਧੀ ਇੱਕ ਮਿੰਟ ਵਿੱਚ ਢਹਿ-ਢੇਰੀ ਹੋ ਗਈ ਤੇ ਮੈਂ ਢਿੱਲਾ ਜਿਹਾ ਮੂੰਹ ਕਰ ਕੇ ਘਰ ਆ ਗਿਆ।

ਇਹ ਦੋਵੇਂ ਪੁਸਤਕਾਂ ਸਾਹਿਤ ਦੇ ਵਿਦਵਾਨਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਗੀਤ-ਸੰਗੀਤ ਦੇ ਸ਼ੁਦਾਈਆਂ ਤੋਂ ਇਲਾਵਾ ਸਮੂਹ ਪੰਜਾਬੀ-ਪ੍ਰੇਮੀਆਂ ਲਈ ਅਨਮੋਲ ਤੋਹਫ਼ਾ ਹਨ।


ਅਖੀਰ ਵਿੱਚ ਇਸ ਜੋਗੀ ਦੇ ਸਿਰੜ, ਸਿਦਕ ਅਤੇ ਇਸ ਦੀ ਘਾਲਣਾ ਨੂੰ ਸਲਾਮ, ਇਸ ਦੀ ਬੀਨ ਦੀ ਕਾਲ਼ਜੇ ਨੂੰ ਧੂਹ ਪਾਉਂਦੀ ਸੁਰ ਨੂੰ ਸਿਜਦਾ ਕਰਨਾ ਬਣਦਾ ਹੈ। ਅਖੀਰ ਵਿੱਚ ਬਾਬਾ ਨਜ਼ਮੀ ਦੇ ਸ਼ਬਦਾਂ ਨੂੰ ਦੁਹਰਾਉਣਾ ਵਾਜਬ ਹੈ - ਮੈਂ ਆਸ ਕਰਦਾ ਹਾਂ ਕਿ ਬਾਂਸਲ ਆਪਣੇ ਏਸ ਕੰਮ ਨੂੰ ਜਾਰੀ ਰੱਖਣਗੇ ਤੇ ਸਾਡੇ ਸਾਹਮਣੇ ਏਨੀਆਂ ਸੋਹਣੀਆਂ ਕਿਤਾਬਾਂ ਲਿਆਂਦੇ ਰਹਿਣਗੇ। ਇਸ ਦੇ ਨਾਲ਼ ਹੀ ਅਸ਼ੋਕ ਬਾਂਸਲ ਦੁਆਰਾ ਦੂਜੀ ਕਿਤਾਬ ਦੀ ਆਦਿਕਾ ਦੇ ਅੰਤ ’ਤੇ ਪਾਠਕਾਂ ਨੂੰ ਦਿੱਤਾ ਵਚਨ ਵੀ ਦੁਹਰਾਉਣਯੋਗ ਹੈ - ਜਦ ਤੱਕ ਤੁਸੀਂ ਹੁੰਗਾਰਾ ਦਿੰਦੇ ਰਹੋਗੇ ਮੈਂ ਇਹ ਸਿਲਸਿਲਾ ਜਾਰੀ ਰੱਖਾਂਗਾ।ਆਓ ਹੁੰਗਾਰਾ ਏਨਾ ਤਕੜਾ ਦੇਈਏ ਕਿ ਇਹ ਜੋਗੀ ਮੁੜ ਤੋਂ ਫਿਰ ਬਹਿੰਗੀ ਚੁੱਕ ਲਵੇ, ਅਣ-ਦੇਖੇ, ਅਣ-ਕੱਛੇ ਰਾਹਾਂ ਦਾ ਪਾਂਧੀ ਬਣ ਕੇ ਅਣ-ਫਰੋਲ਼ੀਆਂ ਜ਼ਰਖ਼ੇਜ਼ ਮਿੱਟੀਆਂ ਫਰੋਲ਼ਦਾ ਰਹੇ ਤੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਵਿੱਚ ਆਪਣੀ ਬੀਨ ਦੀਆਂ ਗੀਤਕਾਰੀ ਧੁਨਾਂ ਸਦਾ ਸਦਾ ਲਈ ਵਸਾ ਦੇਵੇ। ਮਾਸ਼ਾ ਅੱਲਾ ਉਸ ਵਿੱਚ ਜਾਨ ਹੈ, ਦਮ-ਖ਼ਮ ਹੈ, ਅਜੇ ਤਾਂ ਸੁੱਖ ਨਾਲ਼ ‘ਗੱਭਰੂ’ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220



# ਪਾਠਾਂ ਦੀਆਂ ਕੋਤਰੀਆਂ ਤੇ 'ਲੜੀਆਂ' ਮਰਿਆਦਾ ਨਾਲ਼ ਲੜੀਆਂ !



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

ਵੋਟ-ਭੁੱਖ ਕਾਰਨ ਪਏ ਹੋਏ ਅਜੋਕੇ ਰਾਜ-ਰੌਲ਼ੇ ਵਿਚ ਸਿੱਖ ਪੰਥ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਨਾਮ ਨਾਲ ਬੋਲੇ ਜਾ ਰਹੇ 'ਲਾਪਤਾ' 'ਚੋਰੀ ਹੋ ਗਏ' ਜਾਂ 'ਭ੍ਰਿਸ਼ਟਾਚਾਰ' ਜਿਹੇ ਸ਼ਬਦ ਸੁਣਕੇ ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦਿਆਂ 'ਤੇ ਬਹੁਤ ਸੱਟ ਵੱਜਦੀ ਹੈ।ਕਦੇ ਸਮਾਂ ਸੀ ਆਮ ਗੁਰਦੁਆਰੇ ਵਿੱਚ ਗੁਰੂ ਮਹਾਰਾਜ ਦਾ ਇੱਕ ਹੀ ਸਰੂਪ ਹੁੰਦਾ ਸੀ ਪਰ ਹੁਣ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਸੱਤਰ-ਅੱਸੀ ਜਾਂ ਸੈਂਕੜਿਆਂ ਤੋਂ ਵੀ ਵੱਧ ਸਰੂਪ ਮੌਜੂਦ ਹਨ।ਕਾਰਨ ? ਕਿਉਂ ਕਿ ਸੰਗਤ ਨੇ ਘਰਾਂ ਵਿਚ ਅਖੰਡ ਪਾਠ ਕਰਵਾਉਣੇ ਬਹੁਤ ਘੱਟ ਕਰ ਦਿੱਤੇ ਅਤੇ ਇਨ੍ਹਾਂ 'ਅਸਥਾਨਾਂ' ਵਿਚ ਹੀ ਹੁਣ ਅਖੰਡ ਪਾਠਾਂ ਦੀਆਂ ਲੜੀਆਂ ਚੱਲਣ ਲੱਗ ਪਈਆਂ।

ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਤਾਂ ਸਾਡੀ ਕੌਮ ਨੇ ਜਮਾਂ ਈ ਪਿੱਠ ਦਿੱਤੀ ਹੋਈ ਹੈ ਇਸ ਕਰਕੇ ਉਹਦੇ ਵਿੱਚੋਂ ਅਖੰਡ ਪਾਠ ਬਾਰੇ ਕੋਈ ਹਵਾਲੇ ਦੇਣ ਦੀ ਬਜਾਏ ਕੁੱਝ ਗੱਲਾਂ ਲੜੀਆਂ ਬਾਰੇ ਹੀ ਕਰ ਲਈਏ।

ਕਦੇ ਉਹ ਵੀ ਸਮਾਂ ਸੀ ਜਦ ਕੋਈ ਗੁਰੂ ਨਾਨਕ ਨਾਮ ਲੇਵਾ ਆਪਣੇ ਘਰੇ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਉਂਦਾ ਸੀ ਤਾਂ ਭੋਗ ਉਪਰੰਤ ਘਰ ਦਾ ਮੁਖੀਆ ਮਹਾਰਾਜ ਦਾ ਸਰੂਪ ਸਿਰ 'ਤੇ ਲੈ ਕੇ ਘਰ ਦੇ ਹਰ ਕਮਰੇ ਵਿਚ ਘੁੰਮਦਾ ਹੁੰਦਾ ਸੀ। ਪਰ ਹੁਣ ਅਮੀਰੀ ਨੇ ਸ਼ਰਧਾ ਸਤਿਕਾਰ ਘਟਾ ਦਿੱਤੇ ਅਤੇ ਸ਼ਰਧਾਲੂ ਜਨ ਪਿੰਡ ਦੇ ਗੁਰਦੁਆਰੇ ਜਾਂ ਕਿਸੇ ਲਾਗਲੇ ਡੇਰੇ ਵਿਚ 'ਲੜੀ' ਜਾਂ 'ਕੋਤਰੀ' ਸ਼ੁਰੂ ਹੋਣ 'ਤੇ ਉੱਥੇ ਹੀ ਡੇਰੇਦਾਰਾਂ ਵਲੋਂ ਨਿਰਧਾਰਤ ਮਾਇਆ ਜਮ੍ਹਾਂ ਕਰਾ ਦਿੰਦੇ ਹਨ।ਬੀਬੀਆਂ ਵਿਹਲੀਆਂ ਹੋ ਕੇ ਵੀ ਖੁਸ਼ ਅਤੇ ਬੀਬੇ ਵੀ ਵਿਹਲੇ !

ਪਾਠੀ ਸਿੰਘ ਦੱਸਦੇ ਨੇ ਕਿ ਲੜੀਆਂ ਚਲਾਉਣ ਵਾਲ਼ੇ ਪ੍ਰਬੰਧਕ ਸ਼ਰਧਾਲੂਆਂ ਪਾਸੋਂ ਤਾਂ ਖੁੱਲ੍ਹੀ ਮਾਇਆ ਲੈਂਦੇ ਹਨ ਪਰ ਪਾਠੀ ਸਿੰਘਾਂ ਨੂੰ ਭੇਟਾ 'ਹੱਥ ਘੁੱਟ ਕੇ' ਦਿੰਦੇ ਹਨ।ਮਾਇਕ ਪੱਖੋਂ ਲੋੜਵੰਦ ਪਾਠੀ ਸਿੰਘ ਵਿਚਾਰੇ ਪ੍ਰਬੰਧਕਾਂ ਮੋਹਰੇ ਕੋਈ ਉਜ਼ਰ ਨਹੀਂ ਕਰਦੇ।

ਲੜੀਆਂ ਵਿਚ ਪਾਠ ਕਰਨ ਵਾਲ਼ੇ ਪਾਠੀਆਂ ਨੇ ਬਾਣੀ ਦੀ ਸੰਥਿਆ ਲਈ ਹੋਈ ਹੈ ਜਾਂ ਨਹੀਂ ? ਇਹਦਾ ਪਤਾ ਨਾ ਅਖੰਡ ਪਾਠ ਕਰਾਉਣ ਵਾਲੇ ਲੋਕ ਕਰਦੇ ਹਨ ਅਤੇ ਨਾ ਹੀ ਪ੍ਰਬੰਧਕ। ਇਸ ਦਾ ਫੈਦਾ ਉਠਾਉਂਦਿਆਂ ਜਪੁਜੀ ਸਾਹਿਬ ਦਾ ਪਾਠ ਕਰਨ ਵਾਲ਼ੇ ਧੂਫੀਏ ਵੀ 'ਪਾਠੀ' ਬਣ ਕੇ ਰੌਲ਼ਾਂ ਲਾਈ ਜਾਂਦੇ ਹਨ। ਅੱਗੇ ਪਾਠੀਆਂ ਵਿਚ ਵੀ ਕਈ 'ਠੇਕੇਦਾਰ' ਬਣ ਜਾਂਦੇ ਹਨ ਜੋ ਪਾਠੀ ਸਿੰਘਾਂ ਨੂੰ ਲੜੀ ਵਿਚਲੇ ਪਾਠਾਂ ਦੀਆਂ ਡਿਊਟੀਆਂ 'ਵੰਡਦੇ' ਹਨ !ਅਜਿਹੇ ਠੇਕੇਦਾਰ ਸਿਰਫ ਉਤਲੀ ਦੇਖ-ਰੇਖ ਹੀ ਕਰਦੇ ਹਨ ਅਖੰਡ ਪਾਠ ਵਿਚ ਕੋਈ ਰੌਲ਼ ਨਹੀਂ ਲਾਉਂਦੇ।

ਲੜੀਆਂ ਵਿਚ ਅਖੰਡ ਪਾਠ ਕਰਾਉਣ ਵਾਲ਼ੇ ਸੱਜਣ ਜਦ ਭੋਗ ਵਾਲ਼ੇ ਦਿਨ ਪਹੁੰਚਦੇ ਹਨ ਤਾਂ ਉਨ੍ਹਾਂ ਦੀ ਬੁੱਧੀ ਉੱਤੇ ਉਦੋਂ ਤਰਸ ਆਉਂਦਾ ਜਦ ਉਹ ਹੋ ਰਹੇ ਪਾਠਾਂ ਦੀ ਲੜੀ ਮੋਹਰੇ ਘੁੰਮਦੇ ਮਹਾਰਾਜ ਅੱਗੇ ਰੁਮਾਲਿਆਂ 'ਤੇ ਲਿਖ ਕੇ ਰੱਖੇ ਪੇਪਰਾਂ ਉੱਤੇ ਆਪਣੇ ਨਾਮ ਲੱਭਦੇ ਫਿਰਦੇ ਹਨ।ਮੇਰੇ ਅੱਖੀਂ ਦੇਖਣ ਦੀ ਗੱਲ ਹੈ ਇਕ ਮਾਈ ਨੇ ਦਸ ਰੁਪਏ ਰੱਖ ਕੇ ਮੱਥਾ ਟੇਕਣ ਵੇਲੇ ਪੇਪਰ 'ਤੇ ਕਿਸੇ ਹੋਰ ਦਾ ਨਾਮ ਦੇਖਿਆ ਤਾਂ ਝੱਟ ਆਪਣਾ ਦਸਾਂ ਦਾ ਨੋਟ੍ਹ ਚੁੱਕ ਲਿਆ .!

ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੜ੍ਹੀਆਂ ਜਾਂ ਸਮਾਧਾਂ ਉੱਤੇ ਗੁਰੂ ਮਹਾਰਾਜ ਸਰੂਪ ਲੈਜਾਣ 'ਤੇ ਪਾਬੰਦੀ ਲਾਈ ਗਈ ਤਾਂ ਬਹੁਤੇ ਡੇਰਿਆਂ,ਖਾਸ ਕਰਕੇ ਦੁਆਬੇ ਵਿਚਲੇ ਜਠੇਰਿਆਂ ਵਾਲ਼ਿਆਂ ਨੇ ਅਖੰਡ ਪਾਠਾਂ ਵਾਸਤੇ ਚਲਾਕੀ ਨਾਲ ਮੜ੍ਹੀਆਂ ਜਾਂ ਸਮਾਧਾਂ ਦੇ ਅੱਗੇ-ਪਿੱਛੇ ਵੱਖਰੇ ਹਾਲ ਬਣਾ ਲਏ।ਭੋਗ ਉਪਰੰਤ ਬਹੁਤੇ ਡੇਰਿਆਂ ਉੱਤੇ 'ਸੱਭਿਆਚਾਰਕ ਮੇਲੇ' ਵੀ ਆਯੋਜਿਤ ਕੀਤੇ ਜਾਂਦੇ ਹਨ।

ਅਜਿਹੇ 'ਧਾਰਮਿਕ ਅਸਥਾਨਾਂ' ਵਿਚ ਭਾਵੇਂ ਪੰਜਾਹ ਪੰਜਾਹ ਅਖੰਡ ਪਾਠ ਅਰੰਭ ਹੋਏ ਹੋਣ ਪਰ ਲੰਗਰ ਆਦਿ ਦੀ ਅਰਦਾਸ ਮੜ੍ਹੀ ਜਾਂ ਸਮਾਧ ਅੱਗੇ ਥਾਲ਼ ਪਰੋਸ ਕੇ ਕੀਤੀ ਜਾਂਦੀ ਹੈ।ਇੱਥੇ ਹੀ ਬੱਸ ਨਹੀਂ ਅਰੰਭ ਜਾਂ ਭੋਗ ਵੇਲੇ ਕੀਤੀ ਜਾਂਦੀ ਅਰਦਾਸ ਵਿਚ ਮੜ੍ਹੀ/ਸਮਾਧ ਵਾਲ਼ੇ ਬਾਬੇ ਦਾ ਵਾਰ ਵਾਰ ਉਚੇਚਾ ਨਾਂ ਲਿਆ ਜਾਂਦਾ ਹੈ-'ਧੰਨ ਧੰਨ ਬਾਬਾ ਫਲਾਣਾ ਜੀ ਮਹਾਰਾਜ ..!'

ਅਜਿਹੇ ਡੇਰਿਆਂ ਵਿਚ ਅਖੰਡ ਪਾਠਾਂ ਦੀ ਗਿਣਤੀ ਵੀ ਆਏ ਸਾਲ ਵਧੀ ਹੀ ਜਾਂਦੀ ਹੈ ਅਤੇ ਗੁਰਮਤਿ ਮਰਿਆਦਾ ਦਾ ਘਾਣ ਵੀ ਨਿਰੰਤਰ ਹੁੰਦਾ ਰਹਿੰਦਾ ਹੈ।ਇਕ ਡੇਰੇ ਵਿਚ ਮੈਂ ਅੱਖੀਂ ਦੇਖਿਆ ਕਿ ਲੜੀ ਦੇ ਪ੍ਰਬੰਧਕ ਸ਼ਰਧਾਲੂਆਂ ਨੂੰ ਦੋ ਦੋ ਰਮਾਲੇ ਲਿਆਉਣ ਲਈ ਕਹਿ ਰਹੇ ਸਨ-ਇਕ ਗੁਰੂ ਮਹਾਰਾਜ ਤੇ ਦੂਜਾ ਮੜ੍ਹੀ ਜਾਂ ਸਮਾਧ ਉੱਤੇ ਦੇਣ ਲਈ।

ਪਹਿਲੋ ਪਹਿਲ ਤਾਂ ਲੜੀਆਂ ਵਾਸਤੇ ਆਂਢ ਗੁਆਂਢ ਦੇ ਪਿੰਡਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਕੱਠੇ ਕੀਤੇ ਜਾਂਦੇ ਸਨ ਪਰ ਜਦ ਪਿੰਡਾਂ ਦੀਆਂ ਕਮੇਟੀਆਂ ਵਾਲ਼ੇ ਚੜ੍ਹਾਵੇ ਦੀ ਮੰਗ ਕਰਨ ਲੱਗ ਪਏ ਤਦ ਲੜੀ-ਪ੍ਰਬੰਧਕਾਂ ਨੇ ਆਪਣੇ ਡੇਰੇ ਵਿਚ ਹੀ ਸੱਚਖੰਡ ਅਸਥਾਨ ਬਣਾ ਕੇ ਵੱਡੀ ਗਿਣਤੀ ਵਿਚ ਮਹਾਰਾਜ ਦੇ ਸਰੂਪ ਰੱਖਣੇ ਸ਼ੁਰੂ ਕਰ ਦਿੱਤੇ।

ਇਨਾਂ ਡੇਰਿਆਂ ਜਠੇਰਿਆਂ ਦੀ ਗੱਲ ਤਾਂ ਇਕ ਪਾਸੇ ਰਹੀ ਅਖੰਡ ਪਾਠਾਂ ਦੀਆਂ ਲੜੀਆਂ(ਕੁੱਝ ਵੱਖਰੇ ਢੰਗ ਨਾਲ)ਇਤਹਾਸਕ ਅਤੇ ਦੇਸ-ਵਿਦੇਸ਼ ਦੇ ਗੁਰਦੁਆਰਿਆਂ ਵਿਚ ਵੀ ਚੱਲਦੀਆਂ ਹਨ।ਮਰਿਆਦਾ ਜਾਂ ਗੁਰਮਤਿ ਸਿਧਾਂਤ ਬਾਰੇ ਸਵਾਲ ਕਰਨ ਵਾਲਿਆਂ ਨੂੰ ਪ੍ਰਬੰਧਕ ਸੱਜਣ ਠੋਕ ਕੇ ਕਹਿ ਦਿੰਦੇ ਹਨ ਕਿ ਸ਼ਰਧਾਲੂ ਲੋਕ ਅਖੰਡ ਪਾਠਾਂ ਲਈ ਮਾਇਆ ਭੇਜਦੇ ਹਨ,ਅਸੀਂ ਕੁੱਝ ਨੀ ਕਰ ਸਕਦੇ।

ਇਸ ਵਿਸ਼ੇ ਬਾਰੇ ਇਹ ਬਹੁਤ ਸੰਕੋਚ ਨਾਲ ਲਿਖਿਆ ਹੈ ਨਹੀਂ ਤਾਂ ਹੋਰ ਬਹੁਤ ਕੁੱਝ ਅਜਿਹਾ ਹੋ ਰਿਹਾ ਹੈ ਜਿਸਨੂੰ ਲਿਖਦਿਆਂ ਗੁਰੇਜ਼ ਕਰਨਾ ਪੈਂਦਾ। ਗੱਲ ਕੀ ਸ਼ਬਦ-ਗੁਰੂ ਦੇ ਸਿੱਖ ਬਣਨ ਦੀ ਥਾਂਹ ਡੇਰਿਆਂ ਦੇ ਸ਼ਰਧਾਲੂ ਬੰਦਿਆਂ' ਦੇ ਬੰਦੇ ਬਣੇ ਹੋਏ ਹਨ-

'ਝੁਕਦਾ ਹੈ ਜੋ ਬੰਦੇ ਅੱਗੇ
ਉਸਦੀ ਕੀਮਤ ਕੁੱਝ ਵੀ ਨਹੀਂ,
ਲਾਹਣਤ ਹੈ ਉਸ ਬੰਦੇ ਉੱਤੇ
ਜੋ ਬੰਦੇ ਦਾ ਬੰਦਾ ਹੈ !'

ਭੁੱਲ-ਚੁੱਕ ਦੀ ਖਿਮਾਂ

# ਆਓ ਰਿਸ਼ਤਿਆਂ ਨੂੰ ਪਿਆਰ ਨਾਲ ਸਿੰਜੀਏ

ਰਸ਼ਪਿੰਦਰ ਸਿੰਘ

ਜ਼ਿੰਦਗੀ ਦੀ ਖ਼ੁਸ਼ੀ-ਗ਼ਮੀ ਅਸੀਂ ਖ਼ੁਦ ਤੈਅ ਕਰਦੇ ਹਾਂ। ਹਾਲਾਤ ਦਾ ਫੇਰ ਬਦਲ ਇਸ ਧਰਤੀ 'ਤੇ ਹਮੇਸ਼ਾ ਹੁੰਦਾ ਰਹੇਗਾ, ਜੋ ਕਿਸੇ ਦੇ ਵੀ ਵਸ ਨਹੀਂ। ਜੇ ਮੌਤ ਹੈ ਤਾਂ ਹੀ ਜ਼ਿੰਦਗੀ ਦੀ ਕਦਰ ਹੈ। ਜੇਕਰ ਹਨੇਰਾ ਹੈ ਤਾਂ ਰੌਸ਼ਨੀ ਦੀ ਉਡੀਕ ਹੈ। ਉਸੇ ਤਰ੍ਹਾਂ ਜੇ ਇਨਸਾਨ ਦੀ ਜ਼ਿੰਦਗੀ ਹੈ ਤਾਂ ਕੋਈ ਨਾ ਕੋਈ ਰਿਸ਼ਤਾ ਜਾਂ ਬੰਧਨ ਵੀ ਹੈ। ਸਰਲ ਭਾਸ਼ਾ ਵਿੱਚ ਵੇਖੀਏ ਤਾਂ ਰਿਸ਼ਤੇ ਤੋਂ ਭਾਵ ਸਾਡੀ ਰੂਹ ਦਾ ਰਿਸ਼ਤਾ ਹੈ। ਜੋ ਕਿਸੇ ਦੂਸਰੀ ਰੂਹ ਨਾਲ




ਜੁੜ ਜਾਂਦਾ ਹੈ ਜਾਂ ਜੋੜਿਆ ਜਾਂਦਾ ਹੈ। ਇਸ ਸਬੰਧ ਨੂੰ ਅਸੀਂ ਕਿਸੇ ਨਾ ਕਿਸੇ ਰਿਸ਼ਤੇ ਦਾ ਨਾਂ ਦਿੰਦੇ ਹਾਂ। ਜਿਵੇਂ ਦੋਸਤ-ਮਿੱਤਰ, ਭੈਣ, ਭਰਾ, ਮਾਤਾ, ਪਿਤਾ ਆਦਿ ਅਨੇਕਾਂ ਰਿਸ਼ਤੇ ਹਨ।

ਰਿਸ਼ਤੇ ਸਾਡੀ ਜ਼ਿੰਦਗੀ ਨੂੰ ਇੱਕ ਅਨੁਸ਼ਾਸਨ ਵਿੱਚ ਜਿਊਣ ਦੀ ਕਲਾ ਸਿਖਾਉਂਦੇ ਹਨ। ਰਿਸ਼ਤਿਆਂ ਦੀ ਪਟੜੀ ਉੱਤੇ ਜ਼ਿੰਦਗੀ ਦੀ ਗੱਡੀ ਸੰਭਲ ਸੰਭਲ ਧਿਆਨ ਨਾਲ ਚੱਲਦੀ ਹੈ। ਸੁੱਖਾਂ ਅਤੇ ਦੁੱਖਾਂ ਦੇ ਸਟੇਸ਼ਨਾਂ 'ਤੇ ਰੁਕ ਰੁਕ ਕੇ ਲੰਘਦੀ ਹੈ। ਇਹ ਪਟੜੀ ਜ਼ਿੰਦਗੀ ਦੀ ਗੱਡੀ ਨੂੰ ਹੱਦ ਵਿੱਚ ਰੱਖਦੀ ਹੈ। ਜੋ ਉਸਨੂੰ ਪਲਟਣ ਤੋਂ ਬਚਣ ਵਿੱਚ ਹਮੇਸ਼ਾਂ ਮਦਦਗਾਰ ਸਾਬਤ ਹੁੰਦੀ ਹੈ। ਰਿਸ਼ਤੇ ਸਾਡੀ ਕੋਰੀ ਜ਼ਿੰਦਗੀ ਵਿੱਚ ਰੰਗ ਭਰਦੇ ਹਨ। ਸਮੇਂ ਅਨੁਸਾਰ ਇਨਸਾਨ ਦੀ ਸੋਚ ਵਿੱਚ ਭਾਵੇਂ ਕਿੰਨੀ ਵੀ ਤਬਦੀਲੀ ਆ ਜਾਵੇ। ਰਿਸ਼ਤਿਆਂ ਵਿੱਚ ਕਦੇ ਵੀ ਤਬਦੀਲੀ ਨਹੀਂ ਆ ਸਕਦੀ। ਹਾਂ, ਉਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਦਾ ਤਰੀਕਾ ਜ਼ਰੂਰ ਬਦਲ ਸਕਦਾ ਹੈ। ਜੋ ਅੱਜ ਸਾਡੇ ਮਾਤਾ ਪਿਤਾ ਹਨ, ਉਹ ਕਿਸੇ ਬਿਰਧ ਆਸ਼ਰਮ ਵਿੱਚ ਬੈਠੇ ਵੀ ਸਾਡੇ ਮਾਤਾ ਪਿਤਾ ਹੀ ਰਹਿਣਗੇ। ਕਾਗਜ਼ੀ ਕਾਰਵਾਈ ਵਿੱਚ ਵੀ ਤੁਸੀਂ ਭਾਵੇਂ ਉਨ੍ਹਾਂ ਦਾ ਨਾਂ ਬਦਲ ਦੇਵੋ, ਪਰ ਦਿਲ ਅਤੇ ਚੇਤਿਆਂ ਦੀ ਕਿਤਾਬ ਵਿੱਚ ਉਨ੍ਹਾਂ ਦੀ ਤਸਵੀਰ ਹਮੇਸ਼ਾ ਛਪੀ ਰਹੇਗੀ।

ਰਿਸ਼ਤਿਆਂ ਪ੍ਰਤੀ ਦ੍ਰਿਸ਼ਟੀਕੋਣ ਬੇਸ਼ੱਕ ਬਦਲ ਜਾਵੇ, ਪਰ ਰਿਸ਼ਤੇ ਕਦੇ ਨਹੀਂ ਬਦਲ ਸਕਦੇ ਕਿਉਂਕਿ ਸਾਡੀਆਂ ਭਾਵਨਾਵਾਂ ਤੇ ਰਿਸ਼ਤੇ ਇੱਕ ਦੂਜੇ ਨਾਲ ਮੁੱਢ ਤੋਂ ਜੁੜੇ ਹੋਏ ਹਨ। ਚੰਗੀਆਂ ਭਾਵਨਾਵਾਂ ਵਾਲੇ ਵਿਅਕਤੀ ਨਾਲ ਸਾਡਾ ਦੋਸਤੀ ਦਾ ਸਬੰਧ ਕਾਇਮ ਹੁੰਦਾ ਹੈ। ਜਿਸਦੀ ਪਛਾਣ ਅਸੀਂ ਚੰਗੇ ਚਰਿੱਤਰ ਵੱਜੋਂ ਕਰਦੇ ਹਾਂ। ਮਾੜੀ ਭਾਵਨਾ ਵਾਲੇ ਨਾਲ ਈਰਖਾ ਜਾਂ ਦੁਸ਼ਮਣੀ। ਜੋ ਬੁਰੇ ਚਰਿੱਤਰ ਦੀ ਪਛਾਣ ਕਰਾਉਂਦਾ ਹੈ। ਇਹ ਰਿਸ਼ਤਿਆਂ ਦਾ ਕੁਦਰਤੀ ਸੁਭਾਅ ਵੀ ਹੈ। ਰਿਸ਼ਤਿਆਂ ਦੇ ਮਹਿਲ ਵਿਸ਼ਵਾਸ ਦੀ ਬੁਨਿਆਦ 'ਤੇ ਉਸਾਰੇ ਜਾਂਦੇ ਹਨ ਅਤੇ ਇਹ ਬੁਨਿਆਦ ਮਜ਼ਬੂਤ ਹੋਣੀ ਬਹੁਤ ਜ਼ਰੂਰੀ ਹੈ। ਬਿਨਾਂ ਵਿਸ਼ਵਾਸ ਤੋਂ ਕਿਤੇ ਵੀ ਰਿਸ਼ਤਾ ਜੁੜਨਾ ਸੰਭਵ ਨਹੀਂ। ਅੱਜ ਦੇ ਸਮੇਂ ਵਿੱਚ ਦਿਨ-ਬ-ਦਿਨ ਰਿਸ਼ਤੇ ਟੁੱਟਦੇ ਜਾ ਰਹੇ ਹਨ। ਅਸਲ ਵਿੱਚ ਇੱਕ ਦੂਜੇ ਤੋਂ ਵਿਸ਼ਵਾਸ ਦਾ ਉੱਠ ਜਾਣਾ ਹੀ ਸਾਡੇ ਰਿਸ਼ਤੇ ਵਿਚਕਾਰ ਇੱਕ ਵੱਡੀ ਦਰਾਰ ਪੈਦਾ ਕਰਦਾ ਹੈ। ਸਾਡੇ ਵਿੱਚ ਸ਼ੱਕ ਦੀ ਬਿਮਾਰੀ ਪੈਦਾ ਕਰਦਾ ਹੈ, ਜਿਸ ਕਾਰਨ ਮਾੜੀਆਂ ਭਾਵਨਾਵਾਂ ਦੀ ਪੈਦਾਵਾਰ ਚੰਗੀਆਂ ਭਾਵਨਾਵਾਂ ਨੂੰ ਉੱਗਣਾ ਰੋਕ ਦਿੰਦੀ ਹੈ। ਇਸਦਾ ਅਸਰ ਸਾਡੇ ਤਨ, ਮਨ ਉੱਪਰ ਪੈਂਦਾ ਹੈ। ਗੁੱਸਾ, ਚਿੰਤਾ, ਹੰਕਾਰ, ਤਣਾਅ ਆਦਿ ਬਿਮਾਰੀਆਂ ਸਿਓਂਕ ਬਣ ਕੇ ਸਾਡੇ ਰਿਸ਼ਤੇ ਦੀ ਲੱਕੜ ਨੂੰ ਮਿੱਟੀ ਵਿੱਚ ਤਬਦੀਲ ਕਰਦੀਆਂ ਹਨ ਕਿਉਂਕਿ ਜੋ ਸਾਡੇ ਮਹਿਲ ਦੀ ਬੁਨਿਆਦ ਸੀ, ਉਹ ਡਾਂਵਾਡੋਲ ਹੋਣੀ ਸ਼ੁਰੂ ਹੋ ਗਈ। ਸੋ ਹੁਣ ਮਹਿਲ ਦਾ ਡਿੱਗਣਾ ਲਾਜ਼ਮੀ ਹੈ। ਸਾਝਾਂ ਦੀਆਂ ਲੀਰਾਂ ਨਾਲ ਮੜ੍ਹੀ ਰਿਸ਼ਤੇ ਦੀ ਖੁੱਦੋ ਉਧੜਨ ਲੱਗਦੀ ਹੈ। ਰਿਸ਼ਤੇ ਸਾਡੇ ਸਮਾਜ ਵਿੱਚ ਸਾਡੀ ਅਸਲੀ ਤਸਵੀਰ ਪੇਸ਼ ਕਰਦੇ ਹਨ। ਅੱਜ ਵੀ ਕਈ ਵੱਡੇ ਪਰਿਵਾਰਾਂ ਵਿੱਚ ਪਿਆਰ ਭਰੇ ਰਿਸ਼ਤੇ ਜਿਉਂ ਦੇ ਤਿਉਂ ਕਾਇਮ ਹਨ ਕਿਉਂਕਿ ਉੱਥੇ ਵਿਸ਼ਵਾਸ ਦੀ ਨੀਂਹ ਮਜ਼ਬੂਤ ਹੈ। ਸ਼ਹਿਣਸ਼ੀਲਤਾ ਦੀ ਛੱਤ ਪੱਕੀ ਹੈ। ਪਿਆਰ ਦਾ ਚੰਗਾ ਸਾਫ਼ ਸੁਥਰਾ ਵਾਤਾਵਰਨ ਹੈ। ਇਨਸਾਨ ਦੀ ਜ਼ਿੰਦਗੀ ਕੁੱਝ ਪਲ-ਛਿਣਾਂ ਦੀ ਹੈ। ਜਦੋਂ ਕਿ ਰਿਸ਼ਤਿਆਂ ਦੀ ਉਮਰ ਬਹੁਤ ਲੰਮੇਰੀ ਹੈ। ਰਿਸ਼ਤੇ ਵਿੱਚੋਂ ਹੀ ਅਸੀਂ ਅੱਗੇ ਉਨ੍ਹਾਂ ਵਿਸ਼ਵਾਸਪਾਤਰ ਲੋਕਾਂ ਨਾਲ ਰਿਸ਼ਤੇ ਜੋੜਦੇ ਹਾਂ ਜਿਨ੍ਹਾਂ 'ਤੇ ਸਾਨੂੰ ਯਕੀਨ ਹੁੰਦਾ ਹੈ।










ਕਮਾਲ ਦੇ ਬੰਦੇ

ਹਰਜਿੰਦਰ ਸਿੰਘ ਬਸਿਆਲਾ

# ਕੌਣ ਸੀ ਕੈਲੀ ਟਾਰਲਟਨ ?

## ਭਾਰਤ ਤੋਂ ਆਏ 'ਸੇਂਟ ਜੀਨ ਬੈਪਟਿਸਟ ਸਮੁੰਦਰੀ ਜਹਾਜ਼' ਦੇ ਦੋ ਜਹਾਜ਼ ਰੋਕੂ ਸੰਗਲ 205 ਸਾਲ ਬਾਅਦ ਲੱਭੇ ਸੀ ਇਸ ਸਮੁੰਦਰੀ ਖੋਜ਼ੀ ਨੇ 1200 ਦੇ ਕਰੀਬ ਡੁੱਬੇ ਹੋਏ ਜਹਾਜ਼ਾਂ (Shipwrecks) ਦੀ ਖੋਜ ਅਤੇ ਨਕਸ਼ੇ ਤਿਆਰ ਕੀਤੇ।



ਔਕਲੈਂਡ, ਦੇ ਇਤਿਹਾਸ ਵਿੱਚ 'ਸੇਂਟ ਜੀਨ ਬੈਪਟਿਸਟ' (Saint Jean Baptiste) ਜਹਾਜ਼ ਦੇ ਜਹਾਜ਼ ਰੋਕੂ ਸੰਗਲ ਜਾਂ ਲੰਗਰ (Anchors) ਦੀ ਖੋਜ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ। ਇਸ ਦੀ ਖੋਜ਼ ਪ੍ਰਸਿੱਧ ਸਮੁੰਦਰੀ ਖੋਜ਼ੀ ਅਤੇ ਗੋਤਾਖੋਰ ਸਵ. ਕੈਲੀ ਟਾਰਲਟਨ ਨੇ ਕੀਤੀ ਸੀ। ਜੋ ਔਕਲੈਂਡ ਵਿਖੇ 'ਸੀਅ ਲਾਈਫ ਕੈਲੀ ਟਾਰਲਟਨ ਦਾ ਐਕੁਏਰੀਅਮ' (SEA LIFE Kelly TarltonÓs Aquarium) ਬਣਿਆ ਹੈ, ਉਹ ਉਨ੍ਹਾਂ ਦੇ ਨਾਂਅ ਉਤੇ ਹੀ ਹੈ। ਇਥੇ ਬਹੁਤ ਸਾਰੀਆਂ ਸਮੁੰਦਰੀ ਵਸਤਾਂ ਤੁਹਾਨੂੰ ਵੇਖਣ ਨੂੰ ਮਿਲਣਗੀਆਂ। ਇਹ ਉਨ੍ਹਾਂ ਦੇ ਨਾਮ 'ਤੇ ਸਭ ਤੋਂ ਮਸ਼ਹੂਰ ਥਾਂ ਹੈ। ਇਹ ਇੱਕ ਵਿਸ਼ਵ-ਪ੍ਰਸਿੱਧ ਐਕੁਏਰੀਅਮ ਹੈ। ਇਸਨੂੰ 1985 ਵਿੱਚ ਖੋਲ੍ਹਿਆ ਗਿਆ ਸੀ ਅਤੇ ਇਹ ਪਹਿਲਾਂ 'ਕੈਲੀ ਟਾਰਲਟਨ ਅੰਡਰਵਾਟਰ ਵਰਲਡ' (Kelly TarltonÓs Underwater World) ਵਜੋਂ ਜਾਣਿਆ ਜਾਂਦਾ ਸੀ। ਦੁਨੀਆ ਦਾ ਇਹ ਪਹਿਲਾ ਅਜਿਹਾ ਪਾਣੀ ਦੇ ਥੱਲੇ ਬਣਿਆ ਨਜ਼ਾਰਾ ਸੀ।

ਮੁੱਢਲਾ ਜੀਵਨ: ਕੈਲੀ ਟਾਰਲਟਨ ਦਾ ਜਨਮ 1937 ਵਿੱਚ ਕੋਪੂਰੂ, ਨਿਊਜ਼ੀਲੈਂਡ ਵਿੱਚ ਹੋਇਆ ਸੀ, ਜੋ ਕਿ ਡਾਰਗਾਵਿਲ ਦੇ ਨੇੜੇ ਸਥਿਤ ਹੈ। ਬਚਪਨ ਵਿੱਚ ਹੀ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਤੈਰਾਕੀ ਅਤੇ ਆਪਣੇ ਹੱਥੀਂ ਕੰਮ ਕਰਨ ਦਾ ਹੁਨਰ ਸਿਖਾਇਆ। 1956 ਵਿੱਚ, ਮਸ਼ਹੂਰ ਖੋਜੀ ਜੈਕ ਕੋਸਟੋ (Jacques Cousteau) ਦੀ ਇੱਕ ਫਿਲਮ ਦੇਖ ਕੇ ਉਨ੍ਹਾਂ ਦੇ ਮਨ ਵਿੱਚ ਸਮੁੰਦਰੀ ਦੁਨੀਆ ਦੇਖਣ ਦਾ ਸ਼ੌਕ ਜਾਗਿਆ ਅਤੇ ਉਨ੍ਹਾਂ ਨੇ ਆਪਣਾ ਪਹਿਲਾ ਗੋਤਾਖੋਰੀ ਉਪਕਰਣ (Aqualung) ਖਰੀਦਿਆ।

ਇੱਕ ਨਵੀਨਤਾਕਾਰੀ ਗੋਤਾਖੋਰ: ਉਸ ਸਮੇਂ ਗੋਤਾਖੋਰੀ ਦਾ ਸਾਮਾਨ ਬਹੁਤ ਮਹਿੰਗਾ ਹੁੰਦਾ ਸੀ, ਇਸ ਲਈ ਕੈਲੀ ਨੇ ਜਹਾਜ਼ਾਂ ਦੇ ਪੁਰਾਣੇ ਹਿੱਸਿਆਂ ਅਤੇ ਟਾਇਰਾਂ ਦੀਆਂ ਟਿਊਬਾਂ ਤੋਂ ਆਪਣੇ ਮਾਸਕ ਅਤੇ ਹੋਰ ਸਾਮਾਨ ਤਿਆਰ ਕੀਤਾ। ਉਨ੍ਹਾਂ ਨੇ ਸਮੁੰਦਰ ਦੇ ਅੰਦਰ ਫੋਟੋਗ੍ਰਾਫੀ ਕਰਨ ਲਈ ਆਪਣਾ ਖੁਦ ਦਾ ਵਾਟਰਪ੍ਰੂਫ਼ ਕੈਮਰਾ ਕੇਸ ਵੀ ਬਣਾਇਆ।

'ਜਹਾਜ਼ ਰੋਕੂ ਸੰਗਲ' ਕਿੰਨੇ ਸਾਲ ਬਾਅਦ ਮਿਲੇ ?

ਪਾਂਡੀਚੇਰੀ (ਭਾਰਤ) ਤੋਂ ਆਏ 'ਸੇਂਟ ਜੀਨ ਬੈਪਟਿਸਟ ਜਹਾਜ਼' ਨੇ ਦਸੰਬਰ 1769 ਵਿੱਚ ਇੱਕ ਭਿਆਨਕ ਤੂਫ਼ਾਨ ਦੌਰਾਨ ਨਿਊਜ਼ੀਲੈਂਡ ਦੀ 'ਡਾਊਟਲੈੱਸ ਬੇਅ' ਵਿੱਚ ਆਪਣੇ ਤਿੰਨ ਲੰਗਰ ਗੁਆ ਦਿੱਤੇ ਸਨ। ਇਨ੍ਹਾਂ ਵਿੱਚੋਂ ਪਹਿਲੇ ਦੋ ਲੰਗਰ ਲਗਭਗ 205 ਸਾਲ ਬਾਅਦ, ਕੈਲੀ ਟਾਰਲਟਨ ਨੇ 1974 ਵਿੱਚ ਲੱਭੇ ਸਨ। ਤੀਜਾ ਲੰਗਰ 1982 ਵਿੱਚ ਲੱਭਿਆ ਗਿਆ ਸੀ ਪਰ ਇਸਦੀ ਸਹੀ ਸਥਿਤੀ ਦਾ ਹਾਲ ਹੀ ਵਿੱਚ (2025 ਦੇ ਆਸ-ਪਾਸ) ਦੁਬਾਰਾ ਪਤਾ ਲੱਗਾ ਹੈ। ਇਨ੍ਹਾਂ ਲੰਗਰਾਂ ਦੀ ਖੋਜ ਮੁੱਖ ਤੌਰ 'ਤੇ ਨਿਊਜ਼ੀਲੈਂਡ ਦੇ ਦੋ ਮਸ਼ਹੂਰ ਸਮੁੰਦਰੀ ਖੋਜੀ ਕੈਲੀ ਟਾਰਲਟਨ ਅਤੇ ਮਾਈਕ ਬੀਅਰਸਲੇ ਦੁਆਰਾ ਕੀਤੀ ਗਈ ਸੀ। ਕੈਲੀ ਟਾਰਲਟਨ ਨੇ ਪਹਿਲਾ ਲੰਗਰ ਲੱਭਿਆ ਸੀ ਅਤੇ ਮਾਈਕ ਬੀਅਰਸਲੇ ਨੇ ਦੂਜਾ ਲੰਗਰ ਲੱਭਣ ਵਿੱਚ ਸਹਾਇਤਾ ਕੀਤੀ ਸੀ।

ਕੈਲੀ ਟਾਰਲਟਨ ਦੇ ਨਾਮ 'ਤੇ ਨਿਊਜ਼ੀਲੈਂਡ ਵਿੱਚ ਮੁੱਖ ਤੌਰ 'ਤੇ ਹੇਠ ਲਿਖੀਆਂ ਹੋਰ ਥਾਵਾਂ ਅਤੇ ਸੰਸਥਾਵਾਂ ਪ੍ਰਸਿੱਧ ਹਨ:

ਕੈਲੀ ਟਾਰਲਟਨ ਮਿਊਜ਼ੀਅਮ ਆਫ ਸ਼ਿਪਵਰੇਕਸ (Kelly TarltonÓs Museum of Shipwrecks)

ਕੈਲੀ ਟਾਰਲਟਨ ਨੇ ਵਾਇਟਾਂਗੀ (Waitangi) ਵਿੱਚ ਇੱਕ ਪੁਰਾਣੇ ਜਹਾਜ਼ 'ਤੂਈ' (“ui) ਨੂੰ ਮਿਊਜ਼ੀਅਮ ਵਿੱਚ ਬਦਲਿਆ ਸੀ, ਜਿਸਦਾ ਨਾਮ ਉਨ੍ਹਾਂ ਦੇ ਨਾਮ 'ਤੇ ਸੀ। ਹਾਲਾਂਕਿ ਇਹ ਹੁਣ ਬੰਦ ਹੋ ਚੁੱਕਾ ਹੈ, ਪਰ ਇਹ ਇਤਿਹਾਸਕ ਤੌਰ 'ਤੇ ਬਹੁਤ ਮਸ਼ਹੂਰ ਰਿਹਾ ਹੈ।

ਬੌਇਡ ਗੈਲਰੀ (Boyd Gallery) ਉਨ੍ਹਾਂ ਨੇ ਵਾਂਗਾਰੋਆ (Whangaroa) ਵਿੱਚ ਇੱਕ ਛੋਟਾ ਮਿਊਜ਼ੀਅਮ ਸਥਾਪਿਤ ਕੀਤਾ ਸੀ ਜਿੱਥੇ ਉਨ੍ਹਾਂ ਦੁਆਰਾ ਲੱਭੀਆਂ ਗਈਆਂ ਇਤਿਹਾਸਕ ਵਸਤੂਆਂ ਰੱਖੀਆਂ ਗਈਆਂ ਸਨ।

ਨਵੀਨੀਕਰਨ (ਇਨੋਵੇਸ਼ਨ): ਕੈਲੀ ਟਾਰਲਟਨ ਨੇ ਹੀ ਦੁਨੀਆ ਵਿੱਚ ਸਭ ਤੋਂ ਪਹਿਲਾਂ ਐਕੁਏਰੀਅਮ ਵਿੱਚ 'ਕਰਵਡ ਐਕਰੀਲਿਕ ਟਨਲ' (ਮੁੜੇ ਹੋਏ ਸ਼ੀਸ਼ੇ ਦੀ ਸੁਰੰਗ) ਬਣਾਉਣ ਦੀ ਤਕਨੀਕ ਸ਼ੁਰੂ ਕੀਤੀ ਸੀ, ਜਿਸ ਰਾਹੀਂ ਲੋਕ ਸਮੁੰਦਰੀ ਜੀਵਾਂ ਨੂੰ ਹੇਠਾਂ ਤੋਂ ਦੇਖ ਸਕਦੇ ਹਨ।

ਪ੍ਰਮੁੱਖ ਖੋਜਾਂ: ਉਨ੍ਹਾਂ ਨੇ ਨਿਊਜ਼ੀਲੈਂਡ ਦੇ ਸਮੁੰਦਰਾਂ ਵਿੱਚ 1200 ਦੇ ਕਰੀਬ ਡੁੱਬੇ ਹੋਏ ਜਹਾਜ਼ਾਂ (Shipwrecks) ਦੀ ਖੋਜ ਅਤੇ ਨਕਸ਼ੇ ਤਿਆਰ ਕੀਤੇ।

ਅੰਡਰਵਾਟਰ ਵਰਲਡ ਖੁੱਲ੍ਹਣ ਦੇ 18 ਮਹੀਨਿਆਂ ਦੇ ਅੰਦਰ ਹੀ, ਦਸ ਲੱਖਵਾਂ ਸੈਲਾਨੀ ਇਸ ਦੇ ਬੂਹੇ ਰਾਹੀਂ ਅੰਦਰ ਦਾਖਲ ਹੋਇਆ। ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਨੂੰ ਬਣਾਉਣ ਵਾਲਾ (ਕੈਲੀ) ਉਸ ਦਾ ਸਵਾਗਤ ਕਰਨ ਲਈ ਉੱਥੇ ਮੌਜੂਦ ਨਹੀਂ ਸੀ। 17 ਮਾਰਚ, 1985 ਨੂੰ, ਇੱਕ ਲੱਖਵੇਂ ਸੈਲਾਨੀ ਦਾ ਸਵਾਗਤ ਕਰਨ ਤੋਂ ਬਾਅਦ, ਕੈਲੀ ਆਮ ਨਾਲੋਂ ਜ਼ਿਆਦਾ ਥੱਕਿਆ ਹੋਇਆ ਲੱਗ ਰਿਹਾ ਸੀ। ਉਹ ਜਲਦੀ ਸੌਣ ਚਲਾ ਗਿਆ। ਰਾਤ ਦੇ ਕਿਸੇ ਵੇਲੇ ਉਸ ਦੇ ਦਿਲ ਨੇ ਸਾਥ ਛੱਡ ਦਿੱਤਾ। ਉਹ 47 ਸਾਲਾਂ ਦੇ ਸਨ।

ਸਨਮਾਨ: ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ ਮਰਨ ਉਪਰੰਤ ਨਿਊਜ਼ੀਲੈਂਡ ਬਿਜ਼ਨਸ ਹਾਲ ਆਫ ਫੇਮ (2023) ਅਤੇ ਇੰਟਰਨੈਸ਼ਨਲ ਸਕੂਬਾ ਡਾਈਵਿੰਗ ਹਾਲ ਆਫ ਫੇਮ ਵਿੱਚ ਸ਼ਾਮਲ ਕੀਤਾ ਗਿਆ ਹੈ।

ਕੈਲੀ ਟਾਰਲਟਨ ਨੇ ਨਿਊਜ਼ੀਲੈਂਡ ਦੇ ਸਮੁੰਦਰੀ ਇਤਿਹਾਸ ਨੂੰ ਸੰਭਾਲਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

-ਸੇਂਟ ਜੀਨ ਬੈਪਟਿਸਟ: ਜਿਵੇਂ ਅਸੀਂ ਪਹਿਲਾਂ ਗੱਲ ਕੀਤੀ, ਇਸ 18ਵੀਂ ਸਦੀ ਦੇ ਫਰਾਂਸੀਸੀ ਜਹਾਜ਼ ਦੇ ਲੰਗਰ ਲੱਭਣਾ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

-ਐਲੀਜ਼ਾਬੈਥ (Elizabeth): ਇਹ ਜਹਾਜ਼ 1830 ਦੇ ਦਹਾਕੇ ਵਿੱਚ ਡੁੱਬਿਆ ਸੀ। ਟਾਰਲਟਨ ਨੇ ਇਸ ਦੇ ਮਲਬੇ ਵਿੱਚੋਂ ਕਈ ਕੀਮਤੀ ਇਤਿਹਾਸਕ ਵਸਤੂਆਂ ਕੱਢੀਆਂ ਸਨ।

- ਬੌਇਡ (Boyd): 1809 ਵਿੱਚ ਵਾਂਗਾਰੋਆ ਹਾਰਬਰ ਵਿੱਚ ਸੜ ਕੇ ਡੁੱਬੇ ਇਸ ਜਹਾਜ਼ ਦਾ ਮਲਬਾ ਲੱਭਣ ਅਤੇ ਉਸ ਵਿੱਚੋਂ ਕਲਾਕ੍ਰਿਤੀਆਂ ਕੱਢਣ ਵਿੱਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ।

- ਈਲਿੰਗਾਮਾਈਟ (Elingamite): 1902 ਵਿੱਚ ਥਰੀ ਕਿੰਗਜ਼ ਟਾਪੂਆਂ (Three Kings Islands) ਕੋਲ ਡੁੱਬੇ ਇਸ ਜਹਾਜ਼ ਵਿੱਚੋਂ ਉਨ੍ਹਾਂ ਨੇ ਸੋਨੇ ਅਤੇ ਚਾਂਦੀ ਦੇ ਸਿੱਕੇ ਬਰਾਮਦ ਕੀਤੇ ਸਨ।

-ਸੀਵਰੇਜ ਟੈਂਕਾਂ ਦੀ ਵਰਤੋਂ: ਉਨ੍ਹਾਂ ਨੇ ਔਕਲੈਂਡ ਦੇ ਪੁਰਾਣੇ ਅਤੇ ਬੇਕਾਰ ਪਏ ਸੀਵਰੇਜ ਟੈਂਕਾਂ ਨੂੰ ਦੁਨੀਆ ਦੇ ਪਹਿਲੇ ਅੰਡਰਵਾਟਰ ਐਕੁਏਰੀਅਮ ਵਿੱਚ ਬਦਲ ਦਿੱਤਾ।

-ਟਨਲ ਤਕਨੀਕ: ਉਨ੍ਹਾਂ ਨੇ ਐਕਰੀਲਿਕ (Acrylic) ਸ਼ੀਸ਼ੇ ਨੂੰ ਮੋੜ ਕੇ ਸੁਰੰਗਾਂ ਬਣਾਈਆਂ ਤਾਂ ਜੋ ਲੋਕ ਸ਼ਾਰਕਾਂ ਅਤੇ ਹੋਰ ਮੱਛੀਆਂ ਨੂੰ ਆਪਣੇ ਉੱਪਰ ਘੁੰਮਦੇ ਦੇਖ ਸਕਣ। ਅੱਜ ਦੁਨੀਆ ਭਰ ਦੇ ਵੱਡੇ ਐਕੁਏਰੀਅਮਾਂ ਵਿੱਚ ਇਹੀ ਤਕਨੀਕ ਵਰਤੀ ਜਾਂਦੀ ਹੈ।

-ਕੈਲੀ ਟਾਰਲਟਨ ਦੀ ਵਿਰਾਸਤ (Legacy)

ਭਾਵੇਂ 1985 ਵਿੱਚ ਐਕੁਏਰੀਅਮ ਖੋਲ੍ਹਣ ਦੇ ਸਿਰਫ ਕੁਝ ਹਫ਼ਤਿਆਂ ਬਾਅਦ ਹੀ ਉਨ੍ਹਾਂ ਦੀ ਅਚਾਨਕ ਮੌਤ ਹੋ ਗਈ ਸੀ, ਪਰ ਉਨ੍ਹਾਂ ਦੀ ਵਿਰਾਸਤ ਅੱਜ ਵੀ ਜਿਊਂਦੀ ਹੈ:-ਸੰਭਾਲ (Conservation): ਉਨ੍ਹਾਂ ਦੇ ਨਾਮ ਵਾਲਾ ਐਕੁਏਰੀਅਮ ਹੁਣ ਸਮੁੰਦਰੀ ਜੀਵਾਂ, ਖਾਸ ਕਰਕੇ ਸਮੁੰਦਰੀ ਕੱਛੂਆਂ ( urtles) ਦੇ ਬਚਾਅ ਅਤੇ ਇਲਾਜ ਲਈ ਇੱਕ ਵੱਡਾ ਕੇਂਦਰ ਹੈ। ਸੈਰ-ਸਪਾਟਾ: ਅੱਜ ਵੀ ਹਜ਼ਾਰਾਂ ਲੋਕ ਉਨ੍ਹਾਂ ਦੁਆਰਾ ਲੱਭੀਆਂ ਚੀਜ਼ਾਂ ਅਤੇ ਉਨ੍ਹਾਂ ਦੇ ਬਣਾਏ ਐਕੁਏਰੀਅਮ ਨੂੰ ਦੇਖਣ ਆਉਂਦੇ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਦੋਗਾਣਿਆਂ ਦੀ ਹਿੱਟ ਗਾਇਕਾ ਮਿਸ ਪੂਜਾ



**ਰਜਵਿੰਦਰ ਪਾਲ ਸ਼ਰਮਾ**
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ ਬਠਿੰਡਾ
7087367969

ਪਾਣੀ ਹੋ ਗਏ ਡੂੰਘੇ ਝੋਨਾ ਲਾਉਣਾ ਛੱਡ ਦੇਣਾ,ਪਿੰਡ ਛੱਡ ਚੰਡੀਗੜ੍ਹ ਲੈ ਲਏ ਦਾਖ਼ਲੇ,ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ ਅਤੇ ਟੀਚਰ ਵਰਗੇ ਗੀਤਾਂ ਨੂੰ ਆਪਣੀ ਦਮਦਾਰ ਅਤੇ ਸੁਰੀਲੀ ਆਵਾਜ਼ ਦੇਣ ਵਾਲੀ ਮਿਸ ਪੂਜਾ ਕਿਸੇ ਜਾਣ ਪਹਿਚਾਣ ਦੀ ਮੁਹਤਾਜ਼ ਨਹੀਂ। ਉਸਨੇ ਲੰਮਾ ਸਮਾਂ ਪੰਜਾਬੀ ਇੰਡਸਟਰੀ ਵਿੱਚ ਰਾਜ ਕੀਤਾ ਜੋ ਅੱਜ ਵੀ ਕਾਇਮ ਹੈ।ਮਿਸ ਪੂਜਾ ਦੇ ਪਹਿਲੇ ਗੀਤ ਜਾਨ ਤੋਂ ਪਿਆਰੀ ਦੇ ਹਿੱਟ ਹੋਣ ਤੋਂ ਬਾਅਦ ਉਸ ਨਾਲ ਗੀਤ ਗਾਉਣ ਵਾਲੇ ਗਾਇਕਾਂ ਦਾ ਤਾਂ ਹੜ੍ਹ ਆ ਗਿਆ।2006 ਤੋਂ ਬਾਅਦ ਅਜਿਹਾ ਸ਼ਾਇਦ ਹੀ ਕੋਈ ਗਾਇਕ ਹੋਵੇਗਾ ਜਿਸਨੇ ਮਿਸ ਪੂਜਾ ਨਾਲ ਕੋਈ ਗੀਤ ਨਾ ਗਾਇਆ ਹੋਵੇ।ਵੀਰ ਦਵਿੰਦਰ, ਦਰਸ਼ਨ ਖੇਲਾ, ਗੁਰਵਿੰਦਰ ਬਰਾੜ, ਧਰਮਪ੍ਰੀਤ,ਕਰਮਾ, ਸ਼ਿੰਦਾ ਸ਼ੌਂਕੀ, ਮਨਜੀਤ ਰੂਪੋਵਾਲੀਆ,ਵੀਰ ਸੁਖਵੰਤ,ਬਾਈ ਅਮਰਜੀਤ, ਪ੍ਰੀਤ ਬਰਾੜ ,ਬਾਬੂ ਚੰਡੀਗੜ੍ਹੀਆ ਅਤੇ ਅਮਰ ਅਰਸ਼ੀ ਵਰਗੇ ਆਪਣੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਮਿਸ ਪੂਜਾ ਨਾਲ ਗੀਤ ਗਾਏ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਪਟਿਆਲਾ ਦੇ ਰਾਜਪੁਰਾ ਵਿੱਚ 04 ਦਸੰਬਰ 1980 ਨੂੰ ਜਨਮੀ ਮਿਸ ਪੂਜਾ ਦੇ ਪਿਤਾ ਦਾ ਨਾਂ ਇੰਦਰਪਾਲ ਕੈਂਥ ਅਤੇ ਮਾਤਾ ਦਾ ਨਾਂ ਸਰੋਜ ਦੇਵੀ ਸੀ। ਮਾਂਪਿਆ ਨੇ ਮਿਸ ਪੂਜਾ ਦਾ ਨਾਂ ਗੁਰਿੰਦਰ ਕੌਰ ਕੈਂਥ ਰੱਖਿਆ ਪ੍ਰੰਤੂ ਜਦੋਂ ਉਹਨਾਂ ਨੇ ਗਾਉਣਾ ਸ਼ੁਰੂ ਕੀਤਾ ਤਾਂ ਉਹਨਾਂ ਨੇ ਆਪਣਾ ਸਟੇਜ ਨਾਂ ਮਿਸ ਪੂਜਾ ਰੱਖਿਆ।ਮਿਸ ਪੂਜਾ ਤਿੰਨ ਭੈਣ ਭਰਾ ਹਨ ਉਹਨਾਂ ਦੀ ਭੈਣ ਦਾ ਨਾਂ ਮਨਦੀਪ ਕੌਰ ਕੈਂਥ ਅਤੇ ਭਰਾ ਦਾ ਨਾਂ ਮਨਪ੍ਰੀਤ ਕੈਂਥ ਹੈ।ਮਿਸ ਪੂਜਾ ਨੇ ਆਪਣੀ ਮੁੱਢਲੀ ਪੜ੍ਹਾਈ ਰਾਜਪੁਰਾ ਤੋਂ ਕਰਕੇ ਬੀ ਏ ਚੰਡੀਗੜ੍ਹ,ਬੀ ਐੱਡ ਅਤੇ ਐੱਮ ਏ ਸੰਗੀਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਮਿਸ ਪੂਜਾ ਨੂੰ ਗਾਉਣ ਦਾ ਸ਼ੌਕ ਬਚਪਨ ਤੋਂ ਹੀ ਸੀ।ਯੂਨਿਵਰਸਿਟੀ ਅਤੇ ਕਾਲਜਾਂ ਵਿੱਚ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਮਿਸ ਪੂਜਾ ਦੀ ਗਾਇਕੀ ਨੂੰ ਹੋਰ ਨਿਖ਼ਾਰ ਮਿਲਿਆ। ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਮਿਸ ਪੂਜਾ ਰਾਜਪੁਰਾ ਦੇ ਪਟੇਲ ਪਬਲਿਕ ਸਕੂਲ ਵਿੱਚ ਕੁੱਝ ਸਮਾਂ ਸੰਗੀਤ ਦੇ ਅਧਿਆਪਕ ਰਹੇ।ਇੱਕ ਵਾਰ ਉਹਨਾਂ ਨੂੰ ਗਾਉਂਦੇ ਹੋਏ ਜੈਲੀ ਮਨਜੀਤ ਪੁਰੀ ਨੇ ਸੁਣਿਆ ਤਾਂ ਉਹਨਾਂ ਨੇ ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਲਾਲ ਕਮਲ ਜੀ ਨਾਲ ਗੱਲ ਕੀਤੀ ਜਿਨ੍ਹਾਂ ਨੂੰ ਇੱਕ ਪਲੇਅ ਬੈਕ ਗਾਇਕ ਦੀ ਲੋੜ ਸੀ ਇਸ ਤਰ੍ਹਾਂ ਮਿਸ ਪੂਜਾ ਲਈ ਪੰਜਾਬੀ ਇੰਡਸਟਰੀ ਵਿੱਚ ਰਾਹ ਖੁੱਲ੍ਹ ਗਿਆ।ਇਸ ਤੋਂ ਬਾਅਦ ਮਿਸ ਪੂਜਾ ਨੂੰ ਪਹਿਲਾ ਗੀਤ ਜਾਨ ਤੋਂ ਪਿਆਰੀ ਅਤੇ ਉਸ ਤੋਂ ਬਾਅਦ ਸੋਲੋ ਅਤੇ ਦੋਗਾਣਿਆਂ ਦੀਆਂ



ਐਲਬਮਾਂ ਵਿੱਚ ਡੁਏਟਸ ਦੀ ਰਾਣੀ,ਮਿਸ ਪੂਜਾ ਇਨ ਕੰਸਰਟ, ਰੋਮਾਂਟਿਕ ਜੱਟ,ਮਿਸ ਪੂਜ ਪ੍ਰੋਜੈਕਟ ਭਾਗ 1,2,3 4, ਬਰੈਂਥਲੈੱਸ,ਜੁਗਨੀ, ਬਠਿੰਡਾ ਬੀਟਸ,ਜੱਟੀਟਿਊਡ,ਪੇਨ ਕਿਲਰ,ਡੇਟ ਆੱਨ ਫ਼ੋਰਡ, ਦਿਮਾਗ ਖ਼ਰਾਬ,ਹੂਰ, ਪਸੰਦ, ਸੋਹਣਿਆਂ,ਜੀਜੂ, ਬਟਰਫਲਾਈ,ਮਹਿੰਦੀ, ਚਿੱਠੀਆਂ (ਦਰਸ਼ਨ ਖੇਲਾ ਅਤੇ ਮਿਸ ਪੂਜਾ),ਅਡਮਿਸ਼ਨ (ਲਾਲੀ ਦੋਰਾਹਾ ਅਤੇ ਮਿਸ ਪੂਜਾ), ਸਾਦਗੀ (ਰਾਏ ਜੁਝਾਰ ਅਤੇ ਮਿਸ ਪੂਜਾ) , ਰੁੱਤਾਂ (ਬਾਈ ਅਮਰਜੀਤ ਅਤੇ ਮਿਸ ਪੂਜਾ),ਬੱਤੀ ਬੋਰ (ਦੀਪੀ ਢੀਂਡਸਾ ਅਤੇ ਮਿਸ ਪੂਜਾ),ਝੋਨਾ ਵੇਚ ਕੇ(ਨਵਦੀਪ ਸੰਧੂ ਅਤੇ ਮਿਸ ਪੂਜਾ), ਮਹਿਫਲਾਂ (ਵੀਰ ਦਵਿੰਦਰ ਅਤੇ ਮਿਸ ਪੂਜਾ),ਇੱਕ ਤੇਰੇ ਕਰਕੇ (ਪ੍ਰੀਤ ਬਰਾੜ ਅਤੇ ਮਿਸ ਪੂਜਾ) ਛਰਾਟੇ (ਬਲਵੀਰ ਬੋਪਾਰਾਏ ਅਤੇ ਮਿਸ ਪੂਜਾ),ਝੋਨਾ -1,ਝੋਨਾ -2, ਝੋਨਾ -3 (ਸ਼ਿੰਦਾ ਸ਼ੌਂਕੀ ਅਤੇ ਮਿਸ ਪੂਜਾ)ਟੱਪਰ (ਕਰਮਾ ਅਤੇ ਮਿਸ ਪੂਜਾ) ਅਤੇ ਕਲਾਸ ਫੈਲੋ (ਧਰਮਪ੍ਰੀਤ ਅਤੇ ਮਿਸ ਪੂਜਾ) ਦੇ ਗਾਏ ਹਿੱਟ ਗੀਤਾਂ ਅਤੇ ਐਲਬਮਾਂ ਵਿੱਚ ਸ਼ਾਮਿਲ ਹਨ।ਮਿਸ ਪੂਜਾ ਨੇ ਧਾਰਮਿਕ ਐਲਬਮਾਂ ਵੀ ਸਰੋਤਿਆਂ ਦੀ ਝੋਲੀ ਵਿੱਚ ਪਾਈਆਂ ਜਿਨ੍ਹਾਂ ਵਿੱਚ ਸਿੱਖੀ ਦਾ ਬੂਟਾ, ਸਤਿਗੁਰੂ ਹੋਇ ਦਿਆਲ ਅਤੇ ਵਿਰਾਸਤ ਏ ਖ਼ਾਲਸਾ ਸ਼ਾਮਿਲ ਹਨ। ਪੌਲੀਵੁੱਡ ਦੇ ਨਾਲ ਨਾਲ ਮਿਸ ਪੂਜਾ ਨੇ ਬੌਲੀਵੁੱਡ ਵਿੱਚ ਵੀ ਪਲੇਅ ਬੈਕ ਗਾਇਕ ਦੇ ਤੌਰ ਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ।ਹਿੰਦੀ ਫ਼ਿਲਮ ਕੌਕਟੇਲ ਵਿੱਚ ਸੈਕਿੰਡ ਹੈਂਡ ਜ਼ਵਾਨੀ,ਹੀਰੋ ਹੀਰ ਵਿੱਚ ਲੱਕ ਟੁੰਣੂ ਅਤੇ ਹਾਊਸਫੁੱਲ -3 ਵਿੱਚ ਮਾਲਾਮਾਲ ਗੀਤ ਗਾਏ।ਗਾਇਕੀ ਦੇ ਨਾਲ ਨਾਲ ਮਿਸ ਪੂਜਾ ਨੇ ਅਦਾਕਾਰ ਦੇ ਤੌਰ ਤੇ ਪੰਜਾਬੀ ਇੰਡਸਟਰੀ ਨੂੰ ਚੰਨਾ ਸੱਚੀ ਮੁੱਚੀ ਅਤੇ ਪੰਜਾਬਣ ਵਰਗੀਆਂ ਫਿਲਮਾਂ ਦਿੱਤੀਆਂ।

ਮਿਸ ਪੂਜਾ ਨੂੰ ਚਾਹੁਣ ਵਾਲਿਆਂ ਵਿੱਚ ਉਹਨਾਂ ਦੇ ਵਿਆਹ ਬਾਰੇ ਭੇਦ ਹਮੇਸ਼ਾ ਬਣਿਆ ਰਿਹਾ । ਉਹਨਾਂ ਨੇ ਇੱਕ ਦਿਨ ਅਚਾਨਕ ਪੰਜਾਬੀ ਫ਼ਿਲਮ ਇੰਡਸਟਰੀ ਦੇ ਵੱਡੇ ਨਾਂ(ਲੇਖ਼ਕ ਅਤੇ ਪ੍ਰੋਡਿਊਸਰ) ਰੋਮੀ ਤਾਹਲੀ ਨਾਲ ਆਪਣੇ ਵਿਆਹ ਅਤੇ ਇੱਕ ਬੱਚਾ ਹੋਣ ਦੀ ਖ਼ਬਰ ਦੇ ਕੇ ਹੈਰਾਨ ਕੀਤਾ।ਇੱਕ ਸਧਾਰਨ ਪਰਿਵਾਰ ਵਿੱਚ ਜਨਮ ਲੈ ਕੇ ਪੰਜਾਬੀ ਗਾਇਕੀ ਵਿੱਚ ਵੱਡੀਆਂ ਪੁਲਾਂਘਾਂ ਪੁੱਟਣ ਵਾਲੀ ਮਿਸ ਪੂਜਾ ਨੂੰ ਸਰੋਤਿਆਂ ਦੇ ਪਿਆਰ ਦੇ ਨਾਲ ਨਾਲ ਦੇਸ਼ ਅਤੇ ਵਿਦੇਸ਼ ਵਿੱਚ ਮਾਣ ਸਨਮਾਨਾਂ ਦੀ ਝੜੀ ਲਗਾ ਦਿੱਤੀ। 2010 ਵਿੱਚ ਰੋਮਾਂਟਿਕ ਜੱਟ ਐਲਬਮ ਲਈ ਯੂ ਕੇ ਏਸ਼ੀਅਨ ਸੰਗੀਤ ਪੁਰਸਕਾਰ ਵਿੱਚ ਬੈਸਟ ਇੰਟਰਨੈਸ਼ਨਲ ਐਲਬਮ ਦਾ ਖਿਤਾਬ,2011 ਵਿੱਚ ਫ਼ਿਲਮ ਪੰਜਾਬਣ ਲਈ ਪੀ ਟੀ ਸੀ ਪੰਜਾਬੀ ਫ਼ਿਲਮ ਐਵਾਰਡ ਬੈਸਟ ਡੁਏਟ ਫੀਮੇਲ ਫ਼ਿਲਮ ਅਤੇ 2020 ਵਿੱਚ ਗਲੋਬਲ ਆਈਕਨ ਐਵਾਰਡ ਅਤੇ 2021 ਵਿੱਚ ਹਿੰਦੁਸਤਾਨ ਗੌਰਵ ਪੁਰਸਕਾਰ ਜਿੱਤਿਆ।ਪੰਜਾਬੀ ਗਾਇਕੀ ਰਿਐਲਟੀ ਸੋਅ ਵਾਇਸ ਆਫ਼ ਪੰਜਾਬ ਵਿੱਚ ਉਹਨਾਂ ਨੇ ਬਤੌਰ ਜੱਜ ਭੂਮਿਕਾ ਨਿਭਾਈ।2018 ਵਿੱਚ ਗੂਗਲ ਉੱਪਰ ਸਭ ਤੋਂ ਵੱਧ ਖ਼ੋਜੀ ਜਾਣ ਵਾਲ਼ੀ ਮਿਸ ਪੂਜਾ ਸੀ। 4500 ਤੋਂ ਜ਼ਿਆਦਾ ਗੀਤ ਗਾਉਣ,850 ਤੋਂ ਵੱਧ ਸੰਗੀਤ ਵੀਡਿਉ ਦੀ ਫੀਚਰ ਵਿੱਚ ਕੰਮ ਕਰਨ ਅਤੇ ਸਭ ਤੋਂ ਵੱਧ ਸੰਗੀਤ ਐਲਬਮ ਰਿਲੀਜ਼ ਹੋਣ ਦਾ ਰਿਕਾਰਡ ਮਿਸ ਪੂਜਾ ਦੇ ਨਾਮ ਰਿਹਾ ਜਿਸਨੂੰ ਗਿੰਨੀਜ਼ ਬੁੱਕ ਵਿੱਚ ਦਰਜ਼ ਕੀਤਾ ਗਿਆ। ਸਮੇਂ ਦੇ ਨਾਲ ਨਵੇਂ ਗਾਇਕਾਂ ਨੇ ਆਪਣੀ ਕਿਸਮਤ ਅਜਮਾਈ ਪ੍ਰੰਤੂ ਮਿਸ ਪੂਜਾ ਦੀ ਹਰਮਨਪਿਆਰਤਾ ਘੱਟ ਨਹੀਂ ਹੋਈ।ਮਿਸ ਪੂਜਾ ਦਾ ਸਰੋਤਿਆਂ ਦੇ ਦਿਲਾਂ ਤੇ ਕੀਤਾ ਹੋਇਆ ਕਬਜ਼ਾ ਅੱਜ ਵੀ ਬਰਕਰਾਰ ਹੈ।

## ਰਾਜ ਦੀ ਸ਼ਾਨ-ਡਿਪਲੋਮੇਸੀ ਦੀ ਜਾਨ

# ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ ਉਦ-ਦੀਨ

ਵਿਦੇਸ਼ ਮੰਤਰੀ ਦਾ ਸਭ ਤੋਂ ਵੱਡਾ ਕੰਮ ਦੂਜੀਆਂ ਰਿਆਸਤਾਂ ਅਤੇ ਵਿਦੇਸ਼ੀ ਤਾਕਤਾਂ (ਖਾਸ ਕਰਕੇ ਅੰਗਰੇਜ਼ਾਂ ਅਤੇ ਅਫ਼ਗਾਨਾਂ) ਨਾਲ ਸਬੰਧ ਬਣਾ ਕੇ ਰੱਖਣਾ ਸੀ। ਫ਼ਕੀਰ ਅਜ਼ੀਜ਼ੁਦੀਨ ਨੇ 1809 ਦੀ ਅੰਮ੍ਰਿਤਸਰ ਦੀ ਸੰਧੀ ਵਰਗੇ ਅਹਿਮ ਸਮਝੌਤਿਆਂ ਵਿੱਚ ਮੁੱਖ ਭੂਮਿਕਾ ਨਿਭਾਈ, ਜਿਸ ਨੇ ਸਿੱਖ ਰਾਜ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਕੀਤਾ। ਆਓ ਜਾਣੀਏ ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਬਾਰੇ:-

ਫ਼ਕੀਰ ਅਜ਼ੀਜ਼ ਉਦ-ਦੀਨ (1780-1845) : ਹਕੀਮ, ਨੀਤੀਵਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਵਿਦੇਸ਼ ਮੰਤਰੀ ਲਾਹੌਰ ਦੇ ਪ੍ਰਸਿੱਧ ਹਕੀਮ ਗੁਲਾਮ ਮੁਹੀ ਉਦ-ਦੀਨ ਦਾ ਜੇਠਾ ਪੁੱਤਰ ਸੀ। ਇਸ ਦੇ ਦੋ ਭਰਾਵਾਂ ਵਿਚੋਂ ਨੂਰ ਉਦ-ਦੀਨ ਕੋਲ ਲਾਹੌਰ ਸ਼ਹਿਰ ਦਾ ਬੰਦੋਬਸਤ ਸੀ ਅਤੇ ਉਹ ਗੁਜਰਾਤ ਦਾ ਨਾਜ਼ਮ ਰਹਿ ਚੁੱਕਿਆ ਸੀ। ਇਮਾਮ ਉਦ-ਦੀਨ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਦਾ ਕਿਲੇਦਾਰ ਸੀ। ਇਹ ਪਰਵਾਰ ਆਪਣਾ ਸੰਬੰਧ ਮੱਧ ਏਸ਼ੀਆ ਦੇ ਬੁਖਾਰਾ ਤੋਂ ਆਏ ਅਰਬ ਪਰਵਾਸੀ ਅੰਸਾਰੀ ਘਰਾਣੇ ਨਾਲ ਜੋੜਦਾ ਹੈ। ਜਿਹੜਾ ਹਕੀਮਾਂ ਦੇ ਤੌਰ ਤੇ ਲਾਹੌਰ ਆ ਕੇ ਆਬਾਦ ਹੋ ਗਿਆ ਸੀ। ਮੁਢਲੇ ਤੌਰ ਤੇ ਅਜ਼ੀਜ਼ ਉਦ-ਦੀਨ ਵੀ ਹਕੀਮ ਕਰਕੇ ਜਾਣਿਆ ਜਾਂਦਾ ਸੀ। ਇਸ ਦੇ ਨਾਂ ਨਾਲ ਫ਼ਕੀਰ ਸ਼ਬਦ ਅਗੇਤਰ ਵਜੋਂ ਵਰਤਿਆ ਬਰਤਾਨਵੀ ਸਰਕਾਰੀ ਚਿੱਠੀ-ਪੱਤਰ ਵਿੱਚ 1826 ਈ. ਉਪਰੰਤ ਹੀ ਮਿਲਦਾ ਹੈ। ਫ਼ਾਰਸੀ ਵਿੱਚ ਫ਼ਕੀਰ ਸ਼ਬਦ ਸਾਧ-ਬਿਰਤੀ ਵਾਲੇ ਮਨੁੱਖ ਲਈ ਵਰਤਿਆ ਜਾਂਦਾ ਹੈ ਅਤੇ ਅਜ਼ੀਜ਼ ਉਦ-ਦੀਨ ਨੇ ਇਹ ਸ਼ਬਦ ਸਾਦਗੀ ਅਤੇ ਨਿਮਰਤਾ ਦੇ ਨਿਸ਼ਾਨੀ ਵਜੋਂ ਅਪਣਾ ਲਿਆ। ਦਰਬਾਰ ਵਿੱਚ ਇਸ ਨੂੰ ਫ਼ਕੀਰ ਰਜ਼ਾ ਕਿਆ ਜਾਂਦਾ ਸੀ।

ਸੰਨ 1799 ਵਿੱਚ ਜਦੋਂ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕੀਤਾ ਤਾਂ ਉਸ ਸਮੇਂ ਅਜ਼ੀਜ਼ ਉਦ-ਦੀਨ ਲਾਹੌਰ ਦੇ ਪ੍ਰਮੁੱਖ ਹਕੀਮ, ਹਾਕਮ ਰਾਇ ਕੋਲ ਵੈਦਗੀ ਸਿੱਖ ਰਿਹਾ ਸੀ। ਮਹਾਰਾਜੇ ਦੀ ਅੱਖ ਦਾ ਇਲਾਜ ਕਰਨ ਲਈ ਬੁਲਾਏ ਜਾਣ ਤੇ ਇਸ ਨੇ ਆਪਣੇ ਸ਼ਾਗਿਰਦ ਅਜ਼ੀਜ਼ ਉਦ-ਦੀਨ ਨੂੰ ਭੇਜ ਦਿੱਤਾ। ਰਣਜੀਤ ਸਿੰਘ ਇਸ ਨੌਜਵਾਨ ਅਜ਼ੀਜ਼ ਉਦ-ਦੀਨ ਦੀ ਸਿਆਣਪ ਅਤੇ ਹੁਨਰ ਤੋਂ ਅਜਿਹਾ ਪ੍ਰਭਾਵਿਤ ਹੋਇਆ ਕਿ ਕੁਝ ਹੀ ਸਮੇਂ ਪਿੱਛੋਂ ਉਸ ਨੇ ਅਜ਼ੀਜ਼ ਉਦ-ਦੀਨ ਨੂੰ ਆਪਣਾ ਨਿੱਜੀ ਹਕੀਮ ਨਿਯੁਕਤ ਕਰ ਲਿਆ ਅਤੇ ਇਸ ਨੂੰ ਜਗੀਰ ਦੇ ਦਿੱਤੀ। ਨਾਲ ਹੀ ਇਸ ਨੂੰ ਫ਼ਾਰਸੀ ਵਿੱਚ ਸਰਕਾਰ ਦੇ ਕਾਗਜ਼ਾਤ ਲਿਖਣ ਦਾ ਕੰਮ ਵੀ ਸੌਂਪਿਆ ਗਿਆ ਜਿਸ ਕਾਰਨ ਇਹ ਮਹਾਰਾਜੇ ਦੇ ਹੋਰ ਵੀ ਨੇੜੇ ਆ ਗਿਆ। ਮਹਾਰਾਜੇ ਦੀਆਂ ਨੀਤੀਆਂ ਨੂੰ ਠੀਕ ਸਮਝ ਸਕਣ ਦੀ ਯੋਗਤਾ ਸਦਕਾ ਮਹਾਰਾਜੇ ਨੇ ਇਸ ਨੂੰ ਆਪਣਾ ਵਿਸ਼ਵਾਸ ਪਾਤਰ ਸਮਝਣਾ ਸ਼ੁਰੂ ਕਰ ਦਿੱਤਾ। ਫ਼ਕੀਰ ਅਜ਼ੀਜ਼ ਉਦ-ਦੀਨ ਦਾ ਪਹਿਲਾ ਮੁੱਖ ਰਾਜਨੀਤਿਕ ਕੰਮ ਬਰਤਾਨਵੀ ਦੂਤ ਚਾਰਲਸ ਮੈਟਕਾਫ਼ ਦੀ ਆਓ ਭਗਤ ਕਰਨਾ ਅਤੇ ਉਸ ਨਾਲ ਮਹਾਰਾਜੇ ਦੇ ਵਾਰਤਾਲਾਪ ਸਮੇਂ ਸਹਾਇਤਾ ਕਰਨਾ ਸੀ। ਇਹ ਗੱਲਬਾਤ ਹੀ ਅੰਮ੍ਰਿਤਸਰ ਸੰਧੀ (1809) ਦਾ ਮੂਲ ਆਧਾਰ ਬਣੀ।

ਸਿੱਖ ਮਹਾਰਾਜੇ ਵੱਲੋਂ 1810 ਵਿੱਚ ਇਸਨੇ ਡੇਵਿਡ ਆਕਟਰਲੋਨੀ ਨਾਲ ਗੱਲਬਾਤ ਕੀਤੀ। 1813 ਵਿੱਚ ਇਸ ਨੇ ਮਹਾਰਾਜਾ ਦੁਆਰਾ ਅਟਕ ਦੇ ਜਿੱਤੇ ਗਏ ਖੇਤਰਾਂ ਵਿੱਚ



ਅਮਨ-ਕਾਨੂੰਨ ਕਾਇਮ ਕਰਨ ਲਈ ਅਫ਼ਗਾਨ ਗਵਰਨਰ ਜਹਾਂਦਾਦ ਖਾਨ ਨੂੰ ਜਗੀਰ ਲੈ ਕੇ ਕਿਲਾ ਖਾਲੀ ਕਰਨ ਤੇ ਰਾਜ਼ੀ ਕਰ ਲਿਆ। ਇਸ ਨਾਲ ਫ਼ਕੀਰ ਅਜ਼ੀਜ਼ ਉਦ-ਦੀਨ ਦੀ ਅਜੇਹੀ ਚੜ੍ਹਤ ਬਣ ਗਈ ਕਿ ਰਣਜੀਤ ਸਿੰਘ ਦੇ ਸਾਰੇ ਰਾਜ-ਕਾਲ ਵਿੱਚ ਇਹ ਵਿਦੇਸ਼ੀ ਸੰਬੰਧਾਂ ਦੇ ਸੰਵੇਦਨਸ਼ੀਲ ਮਾਮਲਿਆਂ ਦੇ ਸੁਲਝਾਉਣ ਲਈ ਪ੍ਰਮੁੱਖ ਜ਼ਿੰਮੇਦਾਰ ਬਣਿਆ ਰਿਹਾ।

1815 ਵਿੱਚ ਇਸ ਨੇ ਮੰਡੀ ਅਤੇ ਰਾਜੌਰੀ ਦੇ ਰਾਜੇ ਅਤੇ ਬਹਾਵਲਪੁਰ ਦੇ ਨਵਾਬ ਨਾਲ ਗੱਲਬਾਤ ਕੀਤੀ। 1823 ਵਿੱਚ ਇਸ ਨੂੰ ਪਿਸ਼ਾਵਰ ਦੇ ਯਾਰ ਮੁਹੰਮਦ ਖਾਨ ਬਾਰਕਜ਼ਈ ਤੋਂ ਮਾਲੀਆ ਉਗਰਾਉਣ ਲਈ ਭੇਜਿਆ ਗਿਆ। 1824 ਵਿੱਚ ਕਾਂਗੜੇ ਦੇ ਰਾਜਾ ਸੰਸਾਰ ਚੰਦ ਦੀ ਮੌਤ ਪਿੱਛੋਂ ਉਸ ਦੇ ਪੁੱਤਰ ਅਨਿਰੁਧ ਚੰਦ ਨੇ ਜਦੋਂ ਖਾਲਸਾ ਦਰਬਾਰ ਨੂੰ ਨਜ਼ਰਾਨਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਅਜ਼ੀਜ਼ ਉਦ-ਦੀਨ ਉਸ ਨੂੰ ਨਦੌਣ ਵਿਖੇ ਮਿਲਿਆ ਅਤੇ ਮਹਾਰਾਜੇ ਦੀ ਪ੍ਰਮੁੱਖਤਾ ਸਵੀਕਾਰਨ ਲਈ ਉਸ ਨੂੰ ਰਜ਼ਾਮੰਦ ਕਰ ਲਿਆ। 1827 ਵਿੱਚ ਇਸ ਨੂੰ ਬਰਤਾਨਵੀ ਗਵਰਨਰ ਜਨਰਲ ਲਾਰਡ ਐਮਹਰਸਟ ਨਾਲ ਰਸਮੀ ਮੁਲਾਕਾਤ ਲਈ ਸ਼ਿਮਲਾ ਭੇਜਿਆ ਗਿਆ। ਅਪ੍ਰੈਲ 1831 ਵਿੱਚ ਲਾਰਡ ਵਿਲੀਅਮ ਬੈਂਟਿੰਕ ਨੂੰ ਮਿਲਣ ਲਈ ਸਰਦਾਰ ਹਰੀ ਸਿੰਘ ਨਲੂਏ ਦੀ ਅਗਵਾਈ ਵਿੱਚ ਭੇਜੇ ਗਏ ਇਕ ਸਦ-ਭਾਵਨਾ ਵਫਦ ਵਿੱਚ ਵੀ ਫ਼ਕੀਰ ਅਜ਼ੀਜ਼ ਉਦ-ਦੀਨ ਸ਼ਾਮਲ ਸੀ। ਸਰਦਾਰ ਨਲੂਏ ਨੂੰ ਮਹਾਰਾਜੇ ਦਾ ਆਦੇਸ਼ ਸੀ ਕਿ ਉਹ ਦੀਵਾਨ ਮੋਤੀ ਰਾਮ ਅਤੇ ਸਾਧਨ ਸੰਪੰਨ ਫ਼ਕੀਰ ਦੀ ਸਲਾਹ ਤੇ ਭਰੋਸਾ ਕਰੇ। 1838 ਦੇ ਅਖੀਰ ਵਿੱਚ ਲਾਰਡ ਆਕਲੈਂਡ ਨਾਲ ਹੋਈ ਗੱਲ ਬਾਤ ਸਮੇਂ ਅਜ਼ੀਜ਼ ਉਦ-ਦੀਨ ਮਹਾਰਾਜੇ ਵੱਲੋਂ ਵਿਆਖਿਆਕਾਰ ਦੇ ਤੌਰ ਤੇ ਮੌਜੂਦ ਸੀ।

ਫ਼ਕੀਰ ਅਜ਼ੀਜ਼ ਉਦ-ਦੀਨ ਨੂੰ 'ਮਹਾਰਾਜਾ ਦੀ ਆਵਾਜ਼' ਅਤੇ ਆਪਣੇ ਮਾਲਕ ਦਾ ਤਰਜਮਾਨ ਕਿਹਾ ਗਿਆ ਹੈ। ਇਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ ਅਤੇ 'ਆਪਣੇ ਸਮੇਂ ਦਾ ਸਭ ਤੋਂ ਵਧੀਆ ਵਕਤਾ' ਲਿਖਣ ਅਤੇ ਬੋਲਣ ਵਿੱਚ ਇਕਸਾਰ ਨਿਪੁੰਨ ਸੀ। ਉਹ ਮਹਾਰਾਜਾ ਦੇ ਸਭ ਤੋਂ ਵੱਧ ਸੁਘੜ ਅਤੇ ਨਿਪੁੰਨ ਦਰਬਾਰੀਆਂ ਵਿੱਚ ਇਕ ਸੀ ਜਿਸ ਨੂੰ ਬਹੁਤ ਸਾਊ, ਮਿਲਣਸਾਰ ਅਤੇ ਉਦਾਰ ਚਿੱਤ ਕਰਕੇ ਜਾਣਿਆ ਜਾਂਦਾ ਸੀ। ਮਹਾਰਾਜਾ ਇਸ ਤੇ ਪੂਰਨ ਵਿਸ਼ਵਾਸ ਕਰਦਾ ਸੀ ਅਤੇ ਉਸ ਨੇ ਇਸ ਨੂੰ ਚੋਖੀਆਂ ਜਗੀਰਾਂ ਅਤੇ ਇਨਾਮਾਂ ਨਾਲ ਸਨਮਾਨਿਆ ਸੀ।ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਅਜ਼ੀਜ਼ ਉਦ-ਦੀਨ ਖਾਲਸਾ ਦਰਬਾਰ ਵਿੱਚ ਹਾਜ਼ਰ ਰਿਹਾ। ਇਹ ਦਸੰਬਰ 1839 ਵਿੱਚ ਸ਼ਿਮਲੇ ਵਿਖੇ ਲਾਰਡ ਔਕਲੈਂਡ ਨੂੰ ਮਹਾਰਾਜਾ ਖੜਕ ਸਿੰਘ ਵੱਲੋਂ ਅਭਿਨੰਦਨੀ ਦੂਤ ਵਜੋਂ ਮਿਲਿਆ। ਇਸੇ ਪ੍ਰਕਾਰ ਮਹਾਰਾਜਾ ਸ਼ੇਰ ਸਿੰਘ ਵੱਲੋਂ ਵੀ ਇਹ ਦਸੰਬਰ 1842 ਵਿੱਚ ਫਿਰੋਜ਼ਪੁਰ ਵਿਖੇ ਲਾਰਡ ਐਲਨਬਰੋ ਨੂੰ ਮਿਲਣ ਗਿਆ। ਇਹ ਪੂਰੀ ਸਮਝਦਾਰੀ ਨਾਲ ਧੜੇਬੰਦੀ ਅਤੇ ਸਾਜ਼ਸ਼ਾਂ ਭਰੇ ਮਾਹੌਲ ਤੋਂ ਲਾਂਭੇ ਰਹਿਣ ਵਿੱਚ ਸਫਲ ਰਿਹਾ। ਘਟਨਾਵਾਂ ਦੇ ਬਦਲੇ ਚੱਕਰ ਅਤੇ ਆਪਣੇ ਦੋ ਲੜਕਿਆਂ ਦੀ ਮੌਤ ਉਪਰੰਤ ਉਦਾਸੀ ਵਿੱਚ ਇਹ 3 ਦਸੰਬਰ 1845 ਨੂੰ ਲਾਹੌਰ ਵਿਖੇ ਚਲਾਣਾ ਕਰ ਗਿਆ।

-ਸ੍ਰੋਤ : ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਹਰਜਿੰਦਰ ਸਿੰਘ ਬਸਿਆਲਾ ਔਕਲੈਂਡ**




### ਲਾਰਡ ਔਕਲੈਂਡ ਨਾਲ ਮਿਲਣੀ

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਅਜ਼ੀਜ਼ ਉਦ-ਦੀਨ ਖਾਲਸਾ ਦਰਬਾਰ ਵਿਚ ਹਾਜ਼ਰ ਰਿਹਾ। ਇਹ ਦਸੰਬਰ 1839 ਵਿਚ ਸ਼ਿਮਲੇ ਵਿਖੇ ਲਾਰਡ ਔਕਲੈਂਡ ਨੂੰ ਮਹਾਰਾਜਾ ਖੜਕ ਸਿੰਘ ਵੱਲੋਂ ਅਭਿਨੰਦਨੀ ਦੂਤ ਵਜੋਂ ਮਿਲਿਆ। ਇਸੇ ਪ੍ਰਕਾਰ ਮਹਾਰਾਜਾ ਸ਼ੇਰ ਸਿੰਘ ਵੱਲੋਂ ਵੀ ਇਹ ਦਸੰਬਰ 1842 ਵਿਚ ਫਿਰੋਜ਼ਪੁਰ ਵਿਖੇ ਲਾਰਡ ਐਲਨਬਰੋ ਨੂੰ ਮਿਲਣ ਗਿਆ। ਇਹ ਪੂਰੀ ਸਮਝਦਾਰੀ ਨਾਲ ਧੜੇਬੰਦੀ ਅਤੇ ਸਾਜ਼ਸ਼ਾਂ ਭਰੇ ਮਾਹੌਲ ਤੋਂ ਲਾਂਭੇ ਰਹਿਣ ਵਿਚ ਸਫਲ ਰਿਹਾ। ਘਟਨਾਵਾਂ ਦੇ ਬਦਲੇ ਚੱਕਰ ਅਤੇ ਆਪਣੇ ਦੋ ਲੜਕਿਆਂ ਦੀ ਮੌਤ ਉਪਰੰਤ ਉਦਾਸੀ ਵਿਚ ਇਹ 3 ਦਸੰਬਰ 1845 ਨੂੰ ਲਾਹੌਰ ਵਿਖੇ ਚਲਾਣਾ ਕਰ ਗਿਆ।

# 'ਸੀਡਜ਼' ਪੁੰਗਰਦੇ ਬੀਜਾਂ ਨੂੰ ਸਾਂਭਣ ਦਾ ਸੁਨੇਹਾ ਦਿੰਦੀ ਕਹਾਣੀ

ਸਿਨੇਮਾ ਸਮਾਜਕ ਸੁਨੇਹਾਂ ਨਿੱਗਰ ਢੰਗ ਨਾਲ ਲੋਕਾਂ ਤੱਕ ਪੁਚਾਉਣ ਦਾ ਸਭ ਤੋਂ ਵਧੀਆ ਮਾਧਿਅਮ ਹੈ ਬਾਸ਼ਰਤੇ ਕਿ ਏਸ




ਮਾਧਿਅਮ ਨੂੰ ਵਰਤਣ ਵਾਲੇ ਲੋਕ ਇਮਾਨਦਾਰ ਸੁਹਿਰਦ ਅਤੇ ਨਿਰਸਵਾਰਥ ਹੋਣ।'ਸੀਡਜ਼' ਫ਼ਿਲਮ ਜ਼ਰੀਏ ਸਾਡੇ ਮੈਲਬੌਰਨ ਸ਼ਹਿਰ ਵੱਸਦੇ ਅਜਿਹੇ ਨਿਰਸਵਾਰਥ ਸੁਹਿਰਦ ਸੱਜਣਾਂ ਨੇ ਪੂਰੀ ਇਮਾਨਦਾਰੀ ਨਾਲ ਇੱਕ ਸਮਾਜਕ ਸੁਨੇਹਾਂ ਦੇਣ ਦਾ ਸਫ਼ਲ ਯਤਨ ਕੀਤਾ ਹੈ।ਪ੍ਰਾਈਮ ਵੀਡੀਓ ਪਲੈਟਫ਼ਾਰਮ 'ਤੇ 'ਚੌਪਾਲ' 'ਤੇ ਜਾ ਕੇ ਤੁਸੀਂ ਏਹ ਫ਼ਿਲਮ ਵੇਖ ਸਕਦੇ ਹੋ।

ਇਸ ਫਿਲਮ ਦੀ ਪ੍ਰੋਡਕਸ਼ਨ, ਨਿਰਦੇਸ਼ਨ, ਲੇਖਣੀ ਤੋਂ ਲੈ ਕੇ ਨਿੱਕੇ-ਵੱਡੇ ਕਲਾਕਾਰ ਸਭ ਆਸਟਰੇਲੀਆ ਦੇ ਹਨ ਅਤੇ ਆਸਟਰੇਲੀਆ ਵਿੱਚ ਸੰਪੂਰਨ ਤੌਰ 'ਤੇ ਬਣੀ ਏਹ ਪਹਿਲੀ ਪੰਜਾਬੀ ਫ਼ਿਲਮ ਹੈ।ਪਰਵਾਸ ਵਿੱਚ ਵਿਚਰ ਰਹੇ ਮਾਪਿਆਂ ਅਤੇ ਬੱਚਿਆਂ ਦੀ ਮਨੋਦਸ਼ਾ ਨੂੰ ਪਰਦਾਪੋਸ਼ ਕਰਨ ਲਈ ਗੁੰਦਵੀਂ ਸਕ੍ਰਿਪਟ ਘੜੀ ਗਈ ਹੈ।ਤਿੰਨ ਪੀੜ੍ਹੀਆਂ ਦੀ ਸੋਚ ਦਾ ਪਾੜਾ ਕਿਵੇਂ ਪਰਵਾਰਾਂ ਨੂੰ ਪ੍ਰਭਾਵਤ ਕਰਦਾ ਹੈ, ਏਹੋ ਏਸ ਫ਼ਿਲਮ ਦਾ ਵਿਸ਼ਾ-ਵਸਤੂ ਹੈ।ਪੰਜਾਬੀ ਥੀਏਟਰ ਐਂਡ ਫ਼ੋਕ ਅਕੈਡਮੀ ਦੇ ਕਲਾਕਾਰਾਂ ਨੇ ਜਿਸ ਸਹਿਜਤਾ ਨਾਲ ਆਪਣੇ ਕਿਰਦਾਰ ਨਿਭਾਏ ਹਨ, ਉਹ ਸੱਚ-ਮੁੱਚ ਕਮਾਲ ਹਨ।

ਕਹਾਣੀ ਤਿੰਨ ਪੀੜ੍ਹੀਆਂ ਦੀ ਸੱਭਿਆਚਾਰਕ ਪਾੜੇ ਦੁਆਲੇ ਘੁੰਮਦੀ ਹੈ।ਮਾਪੇ ਬੱਚਿਆਂ ਨੂੰ ਵਧੀਆ ਜ਼ਿੰਦਗੀ ਦੇਣ ਲਈ ਵੱਧ ਕੰਮ ਕਰਨ ਲਈ ਮਜਬੂਰ ਹਨ ਅਤੇ ਬੱਚੇ ਘਰ ਦੇ ਖਾਲੀਪਣ ਦੇ ਚੱਲਦਿਆਂ ਨਸ਼ਿਆਂ ਵੱਲ ਮੁੜ ਜਾਂਦੇ ਹਨ।ਮਾਪਿਆਂ ਦੇ ਮਾਪੇ (ਗਰੈਂਡ ਪੇਰੈਂਟਸ) ਪੋਤੇ ਪੋਤੀਆਂ ਨੂੰ ਆਪਣੇ ਉਸੇ ਫ਼ਰੇਮ ਵਿੱਚ ਰੱਖਣਾ ਚਾਹੁੰਦੇ ਹਨ ਜੋ ਉਨ੍ਹਾਂ ਨੇ ਕਈ ਦਹਾਕੇ ਪਹਿਲਾਂ ਆਪਣੇ ਬੱਚਿਆਂ ਲਈ ਘੜੇ ਸਨ।ਪਰਵਾਰਾਂ ਦੀ ਟੁੱਟ-ਭੱਜ ਕਿਵੇਂ ਧੀਆਂ ਨੂੰ ਪ੍ਰਭਾਵਤ ਕਰਦੀ ਹੈ, ਉਹ ਵੀ ਬਾਖ਼ੂਬੀ ਦਰਸਾਇਆ ਗਿਆ ਹੈ।ਧੀਆਂ ਨੂੰ ਸਕੂਲ ਕੈਂਪ ਤੋਂ ਰੋਕਣਾਂ ਕਿੰਞ ਧੀਆਂ ਦੀ ਮਨੋਦਸ਼ਾ ਵਿੱਚ ਨੀਰਸਤਾ ਭਰ ਦੇਂਦਾ ਹੈ, ਉਹ ਵੀ ਕਮਾਲ ਨਾਲ ਲਿਖਿਆ ਗਿਆ ਦ੍ਰਿਸ਼ ਹੈ।ਪੰਜਾਬੀ ਸਿਨੇਮਾ ਦੀ 'ਸ਼ਬਾਨਾ ਆਜ਼ਮੀ' ਗੁਰਪ੍ਰੀਤ ਭੰਗੂ ਸਾਰੀ ਕਹਾਣੀ ਦੀ ਸੂਤਰਧਾਰ ਵਜੋਂ ਸਾਰੀ ਫ਼ਿਲਮ ਨੂੰ ਮੋਢਾ ਦੇਈ ਰੱਖਦੀ ਹੈ।

ਫ਼ਿਲਮ ਤੁਹਾਨੂੰ ਇੱਕ ਮਿੰਟ ਲਈ ਵੀ ਉੱਠਣ ਨਹੀਂ ਦਿੰਦੀ।ਆਮ ਤੌਰ 'ਤੇ ਪੰਜਾਬੀ ਫ਼ਿਲਮਾਂ ਵਿੱਚ ਡਾਇਲਾਗ ਉੱਚੀ-ਉੱਚੀ ਬੋਲੇ ਜਾਂਦੇ ਹਨ ਪਰ ਏਸ ਫ਼ਿਲਮ ਵਿੱਚ ਬੱਚਿਆਂ ਦੀ ਡਾਇਲਾਗ ਡਲਿਵਰੀ ਏਸ ਕਦਰ ਸਹਿਜ ਸੀ ਕਿ ਲੱਗਦਾ ਹੀ ਨਹੀਂ ਸੀ ਕਿ ਤੁਸੀਂ ਪੰਜਾਬੀ ਫ਼ਿਲਮ ਵੇਖ ਰਹੇ ਹੋ।ਮਨਜੋਤ ਦਾ ਪਾਤਰ ਨਿਭਾ ਰਹੇ ਅਮਿਤੋਜ਼ ਦੀ ਅਦਾਕਾਰੀ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ।ਉਸਦੀ ਅਦਾਕਾਰੀ ਏਨੀ ਮੌਲਿਕ ਸੀ ਕਿ ਫ਼ਿਲਮ ਵੇਖਦਿਆਂ ਲੱਗਦਾ ਸੀ ਕਿ ਉਹ ਸੱਚ-ਮੁੱਚ ਨਸ਼ੇ ਵਿੱਚ ਗ਼ਲਤਾਨ ਹੋਇਆ ਨੌਜਵਾਨ ਹੈ।ਮਨਜੋਤ ਦੀ ਮਾਂ ਦੇ ਕਿਰਦਾਰ ਵਿੱਚ ਅਮਨ ਕੰਗ ਵੀ ਮਾਪਿਆਂ ਦੀ ਜ਼ਿੰਦਗੀ ਦੇ ਦਬਾਅ ਨੂੰ ਸਫ਼ਲਤਾ ਨਾਲ ਪਰਦਾਪੋਸ਼ ਕਰਦੀ ਹੈ।ਫ਼ਿਲਮ ਦੇ ਬਹੁਤੇ ਪਾਤਰ ਗੁਰਸਿੱਖੀ ਸਰੂਪ ਵਾਲੇ ਸਨ।ਸਭ ਨੇ ਆਪੋ-ਆਪਣਾ ਕਿਰਦਾਰ ਬਾਖ਼ੂਬੀ ਨਿਭਾਇਆ ਹੈ।ਫ਼ਿਲਮ ਵਧੀਆ ਸੁਨੇਹੇਂ ਨਾਲ ਮੁੱਕਦੀ ਹੈ ਕਿ ਧਰਮ ਅਤੇ ਸੱਭਿਆਚਾਰ ਬੱਚਿਆਂ 'ਤੇ ਠੋਸਿਆ ਨਹੀਂ ਜਾ ਸਕਦਾ ਪਿਆਰ ਨਾਲ ਪਰੋਸਿਆ ਜਾ ਸਕਦਾ ਹੈ।

ਪੰਜਾਬ ਵਿੱਚ ਬਣੀਆਂ ਬਹੁਤੀਆਂ ਪੰਜਾਬੀ ਫ਼ਿਲਮਾਂ ਨਾਲੋਂ ਤਕਨੀਕੀ ਪੱਖੋਂ, ਅਦਾਕਾਰੀ ਪੱਖੋਂ ਨਿਰਦੇਸ਼ਨ ਪੱਖੋਂ ਅਤੇ ਗੁੰਦਵੀਂ ਸਕ੍ਰਿਪਟ ਪੱਖੋਂ 'ਸੀਡਜ਼' ਸੌ ਦਰਜੇ ਚੰਗੀ ਹੈ।ਏਸ ਫ਼ਿਲਮ ਜ਼ਰੀਏ ਪੰਜਾਬੀ ਸਿਨੇਮਾ ਜਗਤ ਨੂੰ ਬਹੁਤ ਸੰਭਾਵਨਾਵਾਂ ਭਰਪੂਰ ਗੁਰਸਿੱਖ ਅਦਾਕਾਰ ਮਿਲੇ ਹਨ।ਜਿੱਥੇ ਏਨੀ ਸ਼ਾਨਦਾਰ ਫ਼ਿਲਮ ਲਿਖਣ ਲਈ ਭੈਣ ਅਮਰਦੀਪ ਕੌਰ ਵਧਾਈ ਦੀ ਪਾਤਰ ਹੈ ਓਥੇ ਸ਼ਾਨਦਾਰ ਨਿਰਦੇਸ਼ਨ ਲਈ ਪ੍ਰਾਵਦੀਪ ਸਿੱਧੂ ਵੀ ਵਧਾਈ ਦਾ ਪਾਤਰ ਹੈ।ਅਮਿਤੋਜ਼ ਕੰਗ ਨੂੰ ਥੋੜ੍ਹਾ ਹੋਰ ਘੜਨ ਦੀ ਲੋੜ ਹੈ ਉਸ ਵਿੱਚੋਂ ਅਸੀਂ ਭਵਿੱਖ ਦਾ ਵਧੀਆ ਅਦਾਕਾਰ ਵੇਖ ਸਕਦੇ ਹਾਂ।ਮੇਰੇ ਵੱਲੋਂ ਸਮੁੱਚੀ ਟੀਮ ਨੂੰ ਬਹੁਤ-ਬਹੁਤ ਮੁਬਾਰਕਾਂ।

**ਪ੍ਰਭਜੋਤ ਸਿੰਘ ਸੰਧੂ ਸਿਡਨੀ**
**(ਆਸਟਰੇਲੀਆ)**

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8




- Personal Tax Returns
- Corporate Tax Returns
- Bookkeeping
- GST/HST Filing
- Payroll
- WCB Returns
- Tax Planning
- New Business Consultation & Registration

SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE
Calgary, Alberta T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



# ਵਿਨੀਪੈਗ ਵਿੱਚ ਧੂਮ-ਧੜੱਕੇ ਨਾਲ ਮਨਾਈ ਧੀਆਂ ਦੀ ਲੋਹੜੀ



ਲੋਹੜੀ ਮਨਾਉਂਦੇ ਸਮੇਂ ਪਰਿਵਾਰ ਦਾ ਬੱਚਿਆਂ ਨਾਲ ਇੱਕ ਯਾਦਗਾਰੀ ਪਲ

ਨਵੇਂ ਸਾਲ ਦੀ ਸ਼ੁਰੂਆਤ 'ਚ ਹੀ ਲੋਹੜੀ ਦਾ ਤਿਉਹਾਰ ਆਉਂਦਾ ਹੈ ਤੇ ਇਸ ਤੋਂ ਹੀ ਸਾਰੇ ਤਿਉਹਾਰਾਂ ਦੀ ਸ਼ੁਰੂਆਤ ਹੁੰਦੀ ਹੈ। ਜਿਸ ਤਰ੍ਹਾਂ ਅਸੀਂ ਭੁੱਗਾ ਬਾਲ ਕੇ ਲੋਹੜੀ ਮਨਾਉਂਦੇ ਹਾਂ, ਸਾਰੇ ਆਪਣੇ ਅੰਦਰੋਂ ਦਲਿੱਦਰ ਕੱਢ ਕੇ ਨਵੀਂ-ਨਰੋਈ ਜ਼ਿੰਦਗੀ ਦੀ ਸ਼ੁਰੂਆਤ ਕਰਦੇ ਹਨ ਤੇ ਇਹੀ ਅਰਦਾਸ ਕਰਦੇ ਹਨ ਕਿ ਇਹ ਤਿਉਹਾਰ ਤੁਹਾਡੇ ਸਾਰਿਆਂ ਦੀ ਜ਼ਿੰਦਗੀ ਵਿੱਚ ਖ਼ੁਸ਼ੀਆਂ-ਖੇੜੇ ਲੈ ਕੇ ਆਵੇ।ਵਿਦੇਸ਼ਾਂ 'ਚ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਸਾਲ ਦੀ ਲੋਹੜੀ ਵੀ ਵਿਲੱਖਣ ਹੈ ਕਿਉਂਕਿ ਇਸ ਲੋਹੜੀ ਵੇਲੇ ਬਹੁਗਿਣਤੀ ਵਿੱਚ ਇੱਕ ਸੁਭਾਗੀ ਲਹਿਰ ਚੱਲੀ ਹੈ ਉਹ ਲਹਿਰ ਹੈ ਨਵਜੰਮੀਆਂ ਧੀਆਂ ਦੀ ਲੋਹੜੀ ਪਾਉਣ ਦੀ । ਇਸੇ ਵਿੱਚਕਾਰ ਵਿਨੀਪੈਗ ਦੇ ਇੱਕ ਪਰਿਵਾਰ ਨੇ ਆਪਣੀ ਧੀ ਦੀ ਲੋਹੜੀ ਪੁੱਤਾਂ ਵਾਂਗ ਮਨਾਈ ਹੈ। ਧੀਆਂ ਅਤੇ ਪੁੱਤਾਂ ਚ ਫ਼ਰਕ ਸਮਝਣ ਵਾਲੇ ਲੋਕਾਂ ਨੂੰ ਵੱਡੀ ਸੇਧ ਦਿੱਤੀ ਹੈ।ਇੱਥੇ ਵਿਨੀਪੈਗ ਵਾਸੀ ਪਿਤਾ ਅਮਨਦੀਪ ਸਿੰਘ ਅਤੇ ਮਾਤਾ ਹਰਜੋਤ ਕੌਰ ਮਾਵੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕੈਨੇਡਾ ਚ ਜੰਮੀ ਆਪਣੀ ਧੀ ਅਜੂਨੀ ਕੌਰ ਦੀ ਲੋਹੜੀ R U Banquet ਹਾਲ ਵਿੱਚ ਬੜੀ ਧੂਮ ਧਾਮ ਨਾਲ ਮਨਾਈ. ਇਸ ਮੌਕੇ ਨਾਨਕਾ ਪਰਿਵਾਰ ਛੂਛਕ ਲੈ ਕੇ ਲੋਹੜੀ 'ਤੇ ਪਹੁੰਚਿਆ ਅਤੇ ਆਂਢ-ਗੁਆਂਢ ਤੇ ਰਿਸ਼ਤੇਦਾਰੀਆਂ ਨੇ ਰਲ ਮਿਲ ਕੇ ਖ਼ੁਸ਼ੀਆਂ ਮਨਾਈਆਂ।

ਪਰਿਵਾਰ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ ਦੇ ਵਿੱਚ ਧੀਆਂ ਪੁੱਤਾਂ ਦੇ ਨਾਲੋਂ ਕਿਸੇ ਵੀ ਪਾਸੇ ਘੱਟ ਨਹੀਂ ਹਨ।ਧੀਆਂ ਦੇ ਜੰਮਣ ਦੀ ਵੀ ਓਨੀ ਹੀ ਖ਼ੁਸ਼ੀ ਨਾਲ ਲੋਹੜੀ ਮਨਾਉਣ ਦੀ ਲੋੜ ਹੇ ਜਿੰਨੀ ਕਿ ਪੁੱਤਰਾਂ ਦੇ ਪੈਦਾ ਹੋਣ ਤੇ ਮਨਾਈ ਜਾਂਦੀ ਹੈ । ਇਸ ਮੌਕੇ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਨੇ ਲੋਹੜੀ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਅਮਨਦੀਪ ਅਤੇ ਹਰਜੋਤ ਮਾਵੀ ਵੱਲੋਂ ਆਪਣੀ ਬੇਟੀ ਅਜੂਨੀ ਕੌਰ ਦੀ ਲੋਹੜੀ ਮਨਾਈ ਗਈ ਹੈ, ਉਸੇ ਤਰ੍ਹਾਂ ਮੁੰਡੇ ਅਤੇ ਕੁੜੀ ਦੇ ਵਿੱਚ ਫ਼ਰਕ ਨਾ ਰੱਖ ਕੇ, ਧੀਆਂ ਦੀ ਲੋਹੜੀ ਵੀ ਮਨਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਸਾਡੀਆਂ ਧੀਆਂ ਮੁੰਡਿਆਂ ਨਾਲੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਉਨ੍ਹਾਂ ਕਿਹਾ ਕਿ ਲੜਕੀਆਂ ਅੱਜ ਫ਼ੌਜ, ਪੁਲਿਸ, ਪਾਇਲਟ, ਖੇਡਾਂ ਆਦਿ ਖੇਤਰਾਂ 'ਚ ਨਾਮਣਾ ਖੱਟ ਕੇ ਆਪਣਾ, ਆਪਣੇ ਦੇਸ਼ ਅਤੇ ਮਾਤਾ ਪਿਤਾ ਨਾਮ ਰੌਸ਼ਨ ਕਰ ਰਹੀਆਂ ਹਨ। ਇਸ ਮੌਕੇ ਆਏ ਮਹਿਮਾਨਾਂ ਨੂੰ ਮੂੰਗਫਲੀ, ਰਿਉੜੀਆਂ ਵੰਡੀਆਂ ਗਈਆਂ । ਇਸ ਸਮਾਗਮ 'ਚ ਕਈ ਜੋੜੇ ਆਪਣੇ ਨਵਜੰਮੇ ਬੱਚਿਆਂ ਸਮੇਤ ਸ਼ਾਮਲ ਹੋਏ। ਢੋਲ ਦੀਆਂ ਥਾਪਾਂ 'ਤੇ ਮਾਪੇ ਆਪਣੇ ਬੱਚਿਆਂ ਨੂੰ ਗੋਦ 'ਚ ਲੈ ਕੇ ਨੱਚਦੇ ਨਜ਼ਰ ਆਏ।ਇਸ ਮੌਕੇ ਬੱਚੇ ਅਤੇ ਬੱਚੀਆਂ ਵੱਲੋਂ ਖ਼ਾਸ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ ਜਿਸ ਵਿੱਚ ਹਰਸੀਰਤ ਕੌਰ ਸੈਣੀ ਅਤੇ ਸੁਖਮਨ ਧਾਲੀਵਾਲ ਵੱਲੋਂ ਪੇਸ਼ ਕੀਤਾ ਗਿਆ ਲੋਕ ਨਾਚ ਖ਼ੂਬ ਸਰਾਹਿਆ ਗਿਆ. ਇਸ ਤੋਂ ਇਲਾਵਾ ਪੰਜਾਬ ਕਲਚਰਲ ਸੈਂਟਰ ਵਿੱਚ ਵੀ ਪਰਵਾਰਾਂ ਵੱਲੋਂ ਲੋਹੜੀ ਮਨਾਈ ਅਤੇ ਆਰ ਬੀ ਸੀ ਕਨਵੈਂਨਸ਼ਨ ਸੈਂਟਰ ਵਿਨੀਪੈਗ ਵਿੱਚ ਏਸ਼ੀਅਨ ਵੁਮੈਨ ਆਫ਼ ਵਿਨੀਪੈਗ ਵੱਲੋਂ ਵੀ ਨਵਜੰਮੇ ਕੁੜੀਆਂ -ਮੁੰਡਿਆਂ ਅਤੇ ਨਵਾਂ ਵਿਆਹ ਜੋੜਿਆਂ ਦੀ ਲੋਹੜੀ ਵੀ ਮਨਾਈ ਗਈ ਜਿਸ ਵਿੱਚ ਧੀਆਂ-ਪੁੱਤਰਾਂ ਦੀ ਬਰਾਬਰਤਾ ਲਈ ਲੋਹੜੀ ਵੰਡੀ ਗਈ।

ਸੁਰਿੰਦਰ ਮਾਵੀ












The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2026

## JANUARY

| Su | Mo | Tu | We | Th | Fr | Sa |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## FEBRUARY

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

## MARCH

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## APRIL

| Su | Mo | Tu | We | Th | Fr | Sa |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## MAY

| Su | Mo | Tu | We | Th | Fr | Sa |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## JUNE

| Su | Mo | Tu | We | Th | Fr | Sa |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## JULY

| Su | Mo | Tu | We | Th | Fr | Sa |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## AUGUST

| Su | Mo | Tu | We | Th | Fr | Sa |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## SEPTEMBER

| Su | Mo | Tu | We | Th | Fr | Sa |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## OCTOBER

| Su | Mo | Tu | We | Th | Fr | Sa |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## NOVEMBER

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## DECEMBER

| Su | Mo | Tu | We | Th | Fr | Sa |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

# ਗੱਲ ਤਾਂ ਪਰਦੇ ਦੀ ਹੀ ਹੈ !

## TWC TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

E Mail: Info@twcoverings.com

Web: www.twcoverings.com

Timelesswindowcoverings